KHETI DUNIYAN, PATIALA
Excellence in Agri Info
ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ
Rs.10/-

# ਖੇਤੀ ਦੁਨੀਆਂ

www.khetiduniyan.in
Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 24-01-2026 • Vol.44 No.04 • M. 90410-14575 • Page 16 E-mail : khetiduniyan1983@gmail.com

## ਯੂਰੀਆ ਖਾਦ ਦੀ ਵੱਧ ਵਰਤੋਂ ਕਰਨ ਵਿੱਚ ਸੰਗਰੂਰ ਜ਼ਿਲ੍ਹਾ ਦੇਸ਼ ਭਰ ਵਿੱਚੋਂ ਮੋਹਰੀ

**★ ਡੀ. ਏ. ਪੀ. ਦੀ ਵਰਤੋਂ ਕਰਨ ਵਿੱਚ ਵੀ ਪੰਜਾਬ ਅਤੇ ਹਰਿਆਣਾ ਦੇ 18 ਜ਼ਿਲ੍ਹੇ ਸਿਖਰ 'ਤੇ ★ ਕੇਂਦਰੀ ਰਸਾਇਣ ਤੇ ਖਾਦ ਮੰਤਰਾਲੇ ਦੀ ਰਿਪੋਰਟ ਵਿੱਚ ਹੋਇਆ ਖੁਲਾਸਾ**

ਕਣਕ-ਝੋਨੇ ਸਮੇਤ ਹੋਰ ਵੱਖ-ਵੱਖ ਤਰ੍ਹਾਂ ਦੀਆਂ ਫ਼ਸਲਾਂ ਅਤੇ ਸਬਜ਼ੀਆਂ ਤੋਂ ਵੱਧ ਝਾੜ ਲੈਣ ਦੇ ਚੱਕਰ ਵਿੱਚ ਕਿਸਾਨਾਂ ਵੱਲੋਂ ਯੂਰੀਆ ਖਾਦ ਦੀ ਹੱਦ ਤੋਂ ਵੱਧ ਕੀਤੀ ਜਾ ਰਹੀ ਵਰਤੋਂ ਨੂੰ ਖੇਤੀ ਦੀ ਮਿੱਟੀ, ਫ਼ਸਲ, ਪਾਣੀ ਅਤੇ ਮਨੁੱਖੀ ਸਿਹਤ ਲਈ ਘਾਤਕ ਮੰਨਿਆ ਜਾਂਦਾ ਹੈ, ਪਰ ਇਸ ਦੇ ਬਾਵਜੂਦ ਕਿਸਾਨਾਂ ਵੱਲੋਂ ਯੂਰੀਆ



ਖਾਦ ਦੀ ਲੋੜ ਤੋਂ ਜ਼ਿਆਦਾ ਵਰਤੋਂ ਕੀਤੀ ਜਾ ਰਹੀ ਹੈ। ਭਾਰਤ ਅੰਦਰ ਪਿਛਲੇ ਸਾਲ ਯੂਰੀਆ ਖਾਦ ਦੀ ਸਭ ਤੋਂ ਵੱਧ ਵਰਤੋਂ ਕਰਨ ਵਿੱਚ ਪੰਜਾਬ ਦਾ ਸੰਗਰੂਰ ਜ਼ਿਲ੍ਹਾ ਦੇਸ਼ ਭਰ ਵਿੱਚੋਂ ਸਭ ਤੋਂ ਮੋਹਰੀ ਗਿਣਿਆ ਗਿਆ ਹੈ, ਜਿਸ ਦਾ ਖੁਲਾਸਾ ਕੇਂਦਰੀ ਰਸਾਇਣ ਅਤੇ ਖਾਦ ਮੰਤਰਾਲੇ ਨੇ ਆਪਣੀ ਰਿਪੋਰਟ ਵਿੱਚ ਕੀਤਾ ਹੈ।

ਰਿਪੋਰਟ ਅਨੁਸਾਰ ਦੇਸ਼ ਭਰ ਦੇ ਯੂਰੀਆ ਦੀ ਵੱਧ ਖਪਤ ਕਰਨ ਵਾਲੇ 100 ਜ਼ਿਲ੍ਹਿਆਂ ਦੀ ਸੂਚੀ ਵਿੱਚ ਪੰਜਾਬ ਦੇ 14 ਅਤੇ ਹਰਿਆਣਾ ਦੇ 9 ਜ਼ਿਲ੍ਹੇ ਸ਼ਾਮਿਲ ਹਨ, ਜਿਸ ਵਿੱਚ ਸੰਗਰੂਰ ਜ਼ਿਲ੍ਹਾ ਪਿਛਲੇ ਸਾਲ 2 ਲੱਖ 82 ਹਜ਼ਾਰ 800 ਮੀਟ੍ਰਿਕ ਟਨ ਯੂਰੀਆ ਖਾਦ ਦੀ ਵਰਤੋਂ ਕਰਕੇ ਸਿਖਰ 'ਤੇ ਰਿਹਾ ਹੈ। ਇਹ ਸਿਖਰ ਪੰਜਾਬ ਵਿੱਚ ਬਦਲਵੀਂ ਅਤੇ ਜ਼ਹਿਰ ਮੁਕਤ ਖੇਤੀ ਦੇ ਉਪਰਾਲਿਆਂ 'ਤੇ ਵੱਡੀ ਸੱਟ ਹੈ, ਜਿਸ ਬਾਰੇ ਸਰਕਾਰ ਅਤੇ ਖੇਤੀਬਾੜੀ ਵਿਭਾਗ ਨੂੰ ਚਿੰਤਨ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਡਾਈਅਮੋਨੀਆ ਫਾਸਫੇਟ (ਡੀ. ਏ. ਪੀ.) ਦੀ ਖਪਤ ਕਰਨ ਵਿੱਚ ਪੰਜਾਬ ਦੇ 11 ਅਤੇ ਹਰਿਆਣਾ ਦੇ 7 ਜ਼ਿਲ੍ਹੇ ਚੋਟੀ ਦੇ 100 ਖਪਤਕਾਰਾਂ ਵਿੱਚ ਸ਼ਾਮਿਲ ਹਨ। ਯੂਰੀਆ ਖਾਦ ਦੀ ਸਭ ਤੋਂ ਵੱਧ ਵਰਤੋਂ ਕਰਨ ਵਾਲੇ ਪੰਜਾਬ ਦੇ ਬਾਕੀ ਜ਼ਿਲ੍ਹਿਆਂ 'ਤੇ ਨਜ਼ਰ ਮਾਰੀ ਜਾਵੇ ਤਾਂ ਸੰਗਰੂਰ ਤੋਂ ਇਲਾਵਾ ਜ਼ਿਲ੍ਹਾ ਲੁਧਿਆਣਾ (ਚੌਥੇ), ਸ੍ਰੀ ਮੁਕਤਸਰ ਸਾਹਿਬ (5ਵੇਂ), ਪਟਿਆਲਾ (8ਵੇਂ), ਬਠਿੰਡਾ (9ਵੇਂ), ਅੰਮ੍ਰਿਤਸਰ (27ਵੇਂ), ਫਿਰੋਜ਼ਪੁਰ (30ਵੇਂ), ਜਲੰਧਰ (34ਵੇਂ), ਮਾਨਸਾ (38ਵੇਂ), ਮੋਗਾ (43ਵੇਂ), ਫਾਜ਼ਿਲਕਾ (49ਵੇਂ), ਤਰਨ ਤਾਰਨ (50ਵੇਂ), ਗੁਰਦਾਸਪੁਰ (56ਵੇਂ) ਅਤੇ ਬਰਨਾਲਾ (95ਵੇਂ) ਸਥਾਨ ਉਪਰ ਰਿਹਾ ਹੈ। ਇਸੇ ਤਰ੍ਹਾਂ ਗੁਆਂਢੀ ਸੂਬੇ ਹਰਿਆਣਾ ਦਾ ਜ਼ਿਲ੍ਹਾ ਸਿਰਸਾ (6ਵੇਂ), ਕਰਨਾਲ (12ਵੇਂ), ਜੀਂਦ (20ਵੇਂ), ਕੈਥਲ (25ਵੇਂ), ਫਤਿਹਾਬਾਦ (26ਵੇਂ), ਹਿਸਾਰ (41ਵੇਂ), ਕੁਰੂਕਸ਼ੇਤਰ (55ਵੇਂ), ਯਮੁਨਾਨਗਰ (60ਵੇਂ) ਅਤੇ ਸੋਨੀਪਤ (73ਵੇਂ) ਸਥਾਨ 'ਤੇ ਰਿਹਾ ਹੈ। ਇਸ ਤੋਂ ਇਲਾਵਾ ਡੀ. ਏ. ਪੀ. ਖਾਦ ਦੀ ਵਰਤੋਂ ਕਰਨ ਵਿੱਚ ਪੰਜਾਬ ਦਾ ਜ਼ਿਲ੍ਹਾ ਲੁਧਿਆਣਾ (13ਵੇਂ), ਸੰਗਰੂਰ (22ਵੇਂ), ਜਲੰਧਰ (27ਵੇਂ), ਸ੍ਰੀ ਮੁਕਤਸਰ ਸਾਹਿਬ (42ਵੇਂ), ਬਠਿੰਡਾ (47ਵੇਂ), ਫਿਰੋਜ਼ਪੁਰ (62ਵੇਂ), ਮੋਗਾ (69ਵੇਂ), ਫਾਜ਼ਿਲਕਾ (80ਵੇਂ), ਅੰਮ੍ਰਿਤਸਰ (89ਵੇਂ), ਪਟਿਆਲਾ (94ਵੇਂ) ਅਤੇ ਤਰਨਤਾਰਨ (97ਵੇਂ) ਸਥਾਨ ਉੱਪਰ ਰਿਹਾ ਹੈ, ਜਦਕਿ ਹਰਿਆਣਾ ਦਾ ਜ਼ਿਲ੍ਹਾ ਸਿਰਸਾ (ਤੀਸਰੇ), ਹਿਸਾਰ (17ਵੇਂ), ਫਤਿਹਾਬਾਦ (34ਵੇਂ), ਕਰਨਾਲ (44ਵੇਂ), ਕੁਰੂਕਸ਼ੇਤਰ (56ਵੇਂ), ਜੀਂਦ (68ਵੇਂ) ਅਤੇ ਭਿਵਾਨੀ (87ਵੇਂ) ਸਥਾਨ ਉੱਪਰ ਰਿਹਾ ਹੈ।

ਪੰਜਾਬ ਵਿੱਚ ਇਸ ਵੇਲੇ ਯੂਰੀਆ ਖਾਦ ਦੀ ਕਣਕ ਅਤੇ ਝੋਨੇ ਤੋਂ ਇਲਾਵਾ ਸਭ ਤੋਂ ਵੱਧ ਵਰਤੋਂ ਆਲੂ, ਫੁੱਲ ਗੋਭੀ ਅਤੇ ਹੋਰ ਸਬਜ਼ੀਆਂ ਦੀ ਕਾਸ਼ਤ ਵਿੱਚ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀ ਵਿਕਰੀ ਰਾਹੀਂ ਇੱਕ ਤਰ੍ਹਾਂ ਦਾ ਜ਼ਹਿਰ ਵੰਡਿਆ ਜਾ ਰਿਹਾ ਹੈ ਅਤੇ ਇਹ ਰੁਝਾਨ ਲਗਾਤਾਰ ਜਾਰੀ ਹੈ। ਉਕਤ ਖਾਦਾਂ ਦੀ ਲੋੜ ਤੋਂ ਵੱਧ ਵਰਤੋਂ ਕਰਨ ਦਾ ਪੰਜਾਬ ਦਾ ਇਹ ਅੰਕੜਾ ਆਉਣ ਵਾਲੇ ਸਮੇਂ ਵਿੱਚ ਹੋਰ ਵੱਧ ਸਕਦਾ ਹੈ। ਕੇਂਦਰ ਸਰਕਾਰ ਦੇ ਖਾਦ ਵਿਭਾਗ ਨੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਹੈ ਕਿ ਮਿੱਟੀ ਦੀ ਸਿਹਤ, ਪਾਣੀ ਸੁਰੱਖਿਆ, ਜਨਤਕ ਸਿਹਤ, ਖੇਤੀਬਾੜੀ ਸਥਿਰਤਾ ਦੇ ਵੱਡੇ ਹਿੱਤ ਵਿੱਚ ਖਾਦਾਂ ਦੀ ਜ਼ਿਆਦਾ ਵਰਤੋਂ ਨੂੰ ਰੋਕਣ ਦੀ ਤੁਰੰਤ ਲੋੜ ਹੈ, ਕਿਉਂਕਿ ਅਸੰਤੁਲਿਤ ਅਤੇ ਬਹੁਤ ਜ਼ਿਆਦਾ ਖਾਦ ਦੀ ਵਰਤੋਂ ਚਿੰਤਾਜਨਕ ਪੱਧਰ 'ਤੇ ਪਹੁੰਚ ਗਈ ਹੈ, ਜਿਸ ਨਾਲ ਦੇਸ਼ ਭਰ ਦੇ 440 ਜ਼ਿਲ੍ਹਿਆਂ ਵਿੱਚ ਧਰਤੀ ਹੇਠਲਾ ਪਾਣੀ ਵੱਡੇ ਪੱਧਰ 'ਤੇ ਦੂਸ਼ਿਤ ਹੋਇਆ ਹੈ ਅਤੇ ਇਹ ਵਾਧਾ ਲਗਾਤਾਰ ਜਾਰੀ ਹੈ। ਬੇਸ਼ੱਕ ਸਮੇਂ ਦੇ ਦੌਰ ਨਾਲ ਫ਼ਸਲਾਂ 'ਤੇ ਹੁੰਦੀ ਵੱਧ ਲਾਗਤ ਅਤੇ ਮੁਨਾਫਾ ਘੱਟ ਹੋਣ ਨੂੰ ਲੈ ਕੇ ਕਿਸਾਨਾਂ ਵਿੱਚ ਯੂਰੀਆ ਅਤੇ ਡੀ. ਏ. ਪੀ. ਦੀ ਵੱਧ ਵਰਤੋਂ ਕਰਨ ਨਾਲ ਵਧੇਰੇ ਝਾੜ ਲੈਣ ਦੀ ਧਾਰਨਾ ਬਣੀ ਹੋਈ ਹੈ ਅਤੇ ਕਿਤੇ ਨਾ ਕਿਤੇ ਅਜਿਹਾ ਹੁੰਦਾ ਵੀ ਹੈ, ਪਰ ਇਨ੍ਹਾਂ ਖਾਦਾਂ ਦੀ ਲੋੜ ਤੋਂ ਵੱਧ ਵਰਤੋਂ ਕਰਨ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਸਰਕਾਰਾਂ ਵੱਲੋਂ ਕਦੇ ਕੋਈ ਠੋਸ ਕਦਮ ਨਹੀਂ ਚੁੱਕੇ ਗਏ ਹਨ।



## ਪੀਲੀ ਕੁੰਗੀ ਤੋਂ ਬਚਾਅ ਲਈ ਕਣਕ ਦੀ ਫ਼ਸਲ ਦਾ ਨਿਰੀਖਣ ਕਰੋ

ਪੰਜਾਬ ਵਿੱਚ ਕਣਕ ਦੀ ਫ਼ਸਲ ਉੱਤੇ ਪੀਲੀ ਕੁੰਗੀ ਦਾ ਸ਼ੁਰੂਆਤੀ ਹਮਲਾ ਨੀਮ ਪਹਾੜੀ ਇਲਾਕਿਆਂ ਜਿਵੇਂ ਕਿ ਰੋਪੜ, ਅਨੰਦਪੁਰ ਸਾਹਿਬ, ਨੂਰਪੁਰ ਬੇਦੀ, ਗੜ੍ਹਸ਼ੰਕਰ, ਨਵਾਂ ਸ਼ਹਿਰ, ਬਲਾਚੌਰ, ਹੁਸ਼ਿਆਰਪੁਰ, ਮਾਹਿਲਪੁਰ, ਮੁਕੇਰੀਆ, ਗੁਰਦਾਸਪੁਰ, ਡੇਰਾ ਬਾਬਾ ਨਾਨਕ, ਰਾਮਦਾਸ, ਕਲਾਨੌਰ ਅਤੇ ਪਠਾਨਕੋਟ ਆਦਿ ਜ਼ਿਲ੍ਹਿਆਂ ਵਿੱਚ ਵੇਖਣ ਨੂੰ ਮਿਲਦਾ ਹੈ। ਬਾਅਦ ਵਿੱਚ ਇਸ ਬਿਮਾਰੀ ਦੀ ਲਾਗ ਪੰਜਾਬ ਦੇ ਬਾਕੀ ਦੇ ਮੈਦਾਨੀ ਇਲਾਕਿਆਂ ਵਿੱਚ ਹਵਾ ਰਾਹੀਂ ਫੈਲ ਜਾਂਦੀ ਹੈ। ਪੀਲੀ ਕੁੰਗੀ ਦੇ ਹਮਲੇ ਨਾਲ ਕਣਕ ਦੇ ਪੱਤਿਆਂ ਉੱਪਰ ਪੀਲੇ ਰੰਗ ਦੀਆਂ ਧਾਰੀਆਂ ਬਣ ਜਾਂਦੀਆਂ ਹਨ ਜਿਨ੍ਹਾਂ ਵਿੱਚੋਂ ਹਲਦੀਨੁਮਾ ਧੂੜਾ ਨਿਕਲਦਾ ਨਜ਼ਰ ਆਉਂਦਾ ਹੈ। ਜੇਕਰ ਪੀਲੀ ਕੁੰਗੀ ਨਾਲ ਪ੍ਰਭਾਵਿਤ ਪੱਤਿਆਂ ਨੂੰ ਛੂਹਿਆ ਜਾਵੇ ਤਾਂ ਹਲਦੀਨੁਮਾ ਧੂੜਾ ਉਂਗਲੀਆਂ ਉੱਤੇ ਪ੍ਰਤੱਖ ਨਜ਼ਰ ਆਉਂਦਾ ਹੈ। ਇਸ ਪੀਲੇ ਧੂੜੇ ਤੋਂ ਹੀ ਪੀਲੀ ਕੁੰਗੀ ਦੀ ਪਹਿਚਾਣ ਕੀਤੀ ਜਾ ਸਕਦੀ ਹੈ। ਖੇਤ ਵਿੱਚ ਪੀਲੀ ਕੁੰਗੀ ਨਾਲ ਪ੍ਰਭਾਵਿਤ ਬੂਟੇ ਧੌੜੀਆਂ ਦੀ ਸ਼ਕਲ ਵਿੱਚ ਦਿਖਾਈ ਦਿੰਦੇ ਹਨ। ਪੀਲੀ ਕੁੰਗੀ ਦਾ ਧੂੜਾ ਨੇੜੇ ਦੇ ਖੇਤਾਂ ਵਿੱਚ ਹਵਾ ਦੇ ਨਾਲ ਫੈਲ ਜਾਂਦਾ ਹੈ ਜਿਸ ਨਾਲ ਬਿਮਾਰੀ ਦੂਰ ਤੱਕ ਫੈਲ ਜਾਂਦੀ ਹੈ।

ਪੀਲੀ ਕੁੰਗੀ ਦੇ ਵੱਧਣ-ਫੁੱਲਣ ਲਈ ਅੱਜਕੱਲ ਦਾ ਮੌਸਮ ਬਹੁਤ ਅਨੁਕੂਲ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਹਿਰਾਂ ਵੱਲੋਂ ਨੀਮ ਪਹਾੜੀ ਇਲਾਕਿਆਂ ਵਿੱਚ ਕਣਕ ਦਾ ਲਗਾਤਾਰ ਸਰਵੇਖਣ ਕੀਤਾ ਜਾ ਰਿਹਾ ਹੈ ਪਰ ਅਜੇ ਤੱਕ ਸਰਵੇਖਣ ਕੀਤੇ ਜ਼ਿਲ੍ਹਿਆਂ ਵਿੱਚ ਪੀਲੀ ਕੁੰਗੀ ਨਹੀਂ ਦੇਖੀ ਗਈ। ਕਿਸਾਨ ਵੀਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਕਣਕ ਦੇ ਖੇਤਾਂ ਦਾ ਲਗਾਤਾਰ ਨਜ਼ਰ ਬਣਾਈ ਰੱਖਣ ਅਤੇ ਜੇਕਰ ਪੀਲੀ ਕੁੰਗੀ ਦੇ ਲੱਛਣ ਖੇਤ ਵਿੱਚ ਨਜ਼ਰ ਆਉਣ ਤਾਂ ਆਪਣੇ ਨੇੜਲੇ ਕ੍ਰਿਸ਼ੀ ਵਿਗਿਆਨ ਕੇਂਦਰ, ਫਾਰਮ ਸਲਾਹਕਾਰ ਸੇਵਾ ਕੇਂਦਰ ਜਾਂ ਯੂਨੀਵਰਸਿਟੀ ਦੇ ਮਾਹਿਰਾਂ ਨਾਲ ਸੰਪਰਕ ਕਰੋ। ਪੀਲੀ ਕੁੰਗੀ ਦੀ ਪੁਸ਼ਟੀ ਹੋਣ ਤੋਂ ਬਾਅਦ ਇਨ੍ਹਾਂ ਧੌੜੀਆਂ ਉਤੇ ਅਤੇ ਆਲੇ-ਦੁਆਲੇ ਦੀ ਫ਼ਸਲ ਤੇ 300 ਗ੍ਰਾਮ ਤਾਕਤ 75 ਡਬਲਯੂ ਪੀ (ਕੈਪਟਾਨ + ਹੈਕਸਾਕੋਨਾਜ਼ੋਲ) ਜਾਂ 200 ਗ੍ਰਾਮ ਕੈਵੀਅਟ 25 ਡਬਲਯੂ ਜੀ (ਟੈਬੂਕੋਨਾਜ਼ੋਲ) ਜਾਂ 120 ਗ੍ਰਾਮ ਨਟੀਵੋ 21 75 ਡਬਲਯੂ ਜੀ (ਟ੍ਰਾਈਫਲੋਕਸੀਸਟ੍ਰੋਬਿਨ + ਟੈਬੂਕੋਨਾਜ਼ੋਲ) ਜਾਂ 200 ਮਿਲੀਲਿਟਰ ਅੰਮਪੈਕਟ ਐਕਸਟਰਾ (ਐਜ਼ੋਕਸੀਸਟ੍ਰੋਬਿਨ + ਸਾਇਪਰਾਕੋਨਾਜ਼ੋਲ) ਜਾਂ 200 ਮਿਲੀਲਿਟਰ ਉਪੇਰਾ 18.3 ਐਸ ਈ (ਪਾਈਰੈਕਲੋਸਟ੍ਰੋਬਿਨ + ਇਪੋਕਸੀਕੋਨਾਜ਼ੋਲ) ਜਾਂ 200 ਮਿਲੀਲਿਟਰ ਕਸਟੋਡੀਆ 320 ਐਸ ਸੀ (ਐਜ਼ੋਕਸੀਸਟ੍ਰੋਬਿਨ + ਟੈਬੂਕੋਨਾਜ਼ੋਲ) ਜਾਂ 200 ਮਿਲੀਲਿਟਰ ਟਿਲਟ 25 ਈ ਸੀ/ਸ਼ਾਈਨ 25 ਈ ਸੀ/ਬੰਪਰ 25 ਈ ਸੀ/ਸਟਿਲਟ 25 ਈ ਸੀ/ਕੰਪਾਸ 25 ਈ ਸੀ/ਮਾਰਕਜ਼ੋਲ 25 ਈ ਸੀ (ਪ੍ਰੋਪੀਕੋਨਾਜ਼ੋਲ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰ ਦਿਓ ਤਾਂ ਜੋ ਪੀਲੀ ਕੁੰਗੀ ਦੇ ਹਮਲੇ ਨੂੰ ਉੱਥੇ ਹੀ ਰੋਕਿਆ ਜਾ ਸਕੇ।

**ਪ੍ਰਭਜੋਧ ਸਿੰਘ ਸੰਧੂ ਅਤੇ ਅਮਰਜੀਤ ਸਿੰਘ, ਡਾਇਰੈਕਟੋਰੇਟ ਪਸਾਰ ਸਿੱਖਿਆ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ** (ਮੋ. 98555-19676)



# ਨਕਲੀ ਕੀਟਨਾਸ਼ਕ ਵੇਚੇ ਤਾਂ ਪੰਜ ਸਾਲ ਦੀ ਸਜ਼ਾ

## • 50 ਲੱਖ ਤੱਕ ਹੋ ਸਕਦੈ ਜੁਰਮਾਨਾ, ਇਸੇ ਬਜਟ ਸੈਸ਼ਨ ਵਿੱਚ ਸਰਕਾਰ ਲਿਆਉਣ ਜਾ ਰਹੀ ਹੈ ਕਾਨੂੰਨ • ਬਿੱਲ ਦਾ ਖਰੜਾ ਤਿਆਰ, ਮਾਹਰਾਂ ਤੇ ਆਮ ਲੋਕਾਂ ਤੋਂ ਮੰਗੇ ਗਏ ਸੁਝਾਅ

ਨਕਲੀ ਤੇ ਗੈਰ-ਕਾਨੂੰਨੀ ਕੀਟਨਾਸ਼ਕਾਂ ਦੇ ਨਿਰਮਾਤਾਵਾਂ ਅਤੇ ਵੇਚਣ ਵਾਲਿਆਂ ਖ਼ਿਲਾਫ਼ ਕੇਂਦਰ ਸਰਕਾਰ ਸਭ ਤੋਂ ਵੱਡਾ ਅਤੇ ਸਖ਼ਤ ਕਾਨੂੰਨ ਲਿਆਉਣ ਜਾ ਰਹੀ ਹੈ। ਕਿਸਾਨਾਂ ਨਾਲ ਧੋਖਾ ਅਤੇ ਵਾਤਾਵਰਣ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਹੁਣ ਬਖਸ਼ਿਆ ਨਹੀਂ ਜਾਵੇਗਾ । ਦੋਸ਼ੀ ਪਾਏ ਜਾਣ 'ਤੇ ਪੰਜ ਸਾਲ ਦੀ ਜੇਲ੍ਹ ਅਤੇ 50 ਲੱਖ ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾ ਸਕੇਗਾ। ਇਸ ਲਈ ਕੇਂਦਰ ਸਰਕਾਰ ਇਸ ਬਜਟ ਸੈਸ਼ਨ ਵਿੱਚ ਕੀਟਨਾਸ਼ਕ ਮੈਨੇਜਮੈਂਟ ਬਿੱਲ ਲਿਆਉਣ ਜਾ ਰਹੀ ਹੈ, ਜਿਸ ਦਾ ਖਰੜਾ ਵੀ ਤਿਆਰ ਕਰ ਲਿਆ ਗਿਆ । ਬਿੱਲ ਦਾ ਮਕਸਦ ਕਿਸਾਨਾਂ ਲਈ ਗੁਣਵੱਤਾ ਵਾਲੇ ਕੀਟਨਾਸ਼ਕਾਂ ਦੀ ਉਪਲਬਧਤਾ ਯਕੀਨੀ ਬਣਾਉਣਾ ਹੈ ਤਾਂ ਜੋ ਉੱਨਤ ਖੇਤੀ ਦੇ ਨਾਲ-ਨਾਲ ਵਪਾਰ-ਕਾਰੋਬਾਰ ਵੀ ਸੁਖਾਲਾ ਹੋ ਸਕੇ ।

ਸਰਕਾਰ ਨੇ ਖਰੜੇ ਨੂੰ ਜਨਤਕ ਕਰ ਕੇ ਮਾਹਰਾਂ ਅਤੇ ਆਮ ਲੋਕਾਂ ਤੋਂ ਸੁਝਾਅ ਮੰਗੇ ਹਨ । ਖਰੜੇ ਵਿੱਚ ਸਾਫ ਕੀਤਾ ਗਿਆ ਹੈ ਕਿ ਜੇ ਕੋਈ ਵਿਅਕਤੀ ਜਾਂ ਕੰਪਨੀ ਬਿਨਾ ਰਜਿਸਟ੍ਰੇਸ਼ਨ ਜਾਂ ਲਾਇਸੈਂਸ ਦੇ ਕੀਟਨਾਸ਼ਕਾਂ ਦਾ ਨਿਰਮਾਣ, ਦਰਾਮਦ, ਭੰਡਾਰਣ, ਵਿਕਰੀ ਜਾਂ ਵੰਡ ਕਰਦੀ ਹੈ ਤਾਂ ਇਹ ਸਜ਼ਾਯੋਗ ਅਪਰਾਧ ਹੋਵੇਗਾ । ਖਾਸ ਤੌਰ 'ਤੇ ਨਕਲੀ, ਗਲਤ ਲੇਬਲ ਵਾਲੇ ਜਾਂ ਪਾਬੰਦੀਸ਼ੁਦਾ ਕੀਟਨਾਸ਼ਕ ਬਣਾਉਣ ਤੇ ਵੇਚਣ ਨੂੰ ਗੰਭੀਰ ਅਪਰਾਧ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ । ਅਜਿਹੇ ਮਾਮਲਿਆਂ ਵਿੱਚ ਅਦਾਲਤ ਦੋਸ਼ੀ ਨੂੰ ਜੇਲ੍ਹ ਅਤੇ ਭਾਰੀ ਜ਼ੁਰਮਾਨਾ ਦੋਵੇਂ ਸਜ਼ਾਵਾਂ ਇਕੱਠੀਆਂ ਦੇ ਸਕੇਗੀ । ਖੇਤੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਕਹਿਣਾ ਹੈ ਕਿ ਇਹ ਕਾਨੂੰਨ ਕਿਸਾਨਾਂ ਨੂੰ ਸੁਰੱਖਿਅਤ ਤੇ ਉੱਨਤ ਕੀਟਨਾਸ਼ਕਾਂ ਦੀ ਉਪਲਬਧਤਾ, ਵਾਤਾਵਰਣ ਦੀ ਰੱਖਿਆ ਅਤੇ ਆਮ ਆਦਮੀ ਦੀ ਸਿਹਤ ਨੂੰ ਤਰਜੀਹ ਦੇਣ ਦੇ ਮਕਸਦ ਨਾਲ ਲਿਆਂਦਾ ਜਾ ਰਿਹਾ ਹੈ। ਸਰਕਾਰ ਨੇ ਇਹ ਵੀ ਸਾਫ਼ ਕੀਤਾ ਹੈ ਕਿ ਜੇ ਕਿਸੇ ਕੀਟਨਾਸ਼ਕ ਦੇ ਇਸਤੇਮਾਲ ਨਾਲ ਕਿਸੇ ਵਿਅਕਤੀ ਦੀ ਮੌਤ ਹੁੰਦੀ ਹੈ ਜਾਂ ਗੰਭੀਰ ਸੱਟ ਲੱਗਦੀ ਹੈ ਤਾਂ ਸਜ਼ਾ ਹੋਰ ਵੀ ਸਖ਼ਤ ਹੋਵੇਗੀ। ਸਿਹਤ ਅਤੇ ਸੁਰੱਖਿਆ ਮਾਪਦੰਡਾਂ ਦੀ ਉਲੰਘਣਾ ਨਾਲ ਹੋਏ ਅਜਿਹੇ ਮਾਮਲਿਆਂ ਵਿੱਚ ਵੀ ਪੰਜ ਸਾਲ ਤੱਕ ਦੀ ਜ਼ੇਲ੍ਹ ਅਤੇ 10 ਲੱਖ ਤੋਂ 50 ਲੱਖ ਰੁਪਏ ਤੱਕ ਜ਼ੁਰਮਾਨੇ ਦੀ ਤਜਵੀਜ਼ ਰੱਖੀ ਗਈ ਹੈ । ਸਰਕਾਰ ਦਾ ਮੰਨਣਾ ਹੈ ਕਿ ਘਟੀਆ ਅਤੇ ਪਾਬੰਦੀਸ਼ੁਦਾ ਕੀਟਨਾਸ਼ਕਾਂ ਦਾ ਅਸਰ ਸਿਰਫ਼ ਫ਼ਸਲਾਂ 'ਤੇ ਹੀ ਨਹੀਂ, ਬਲਕਿ ਕਿਸਾਨ-ਮਜ਼ਦੂਰ ਅਤੇ ਖਪਤਕਾਰ ਵੀ ਗੰਭੀਰ ਜੋਖ਼ਮ ਵਿੱਚ ਰਹਿੰਦੇ ਹਨ ਜਿਸ ਨੂੰ ਰੋਕਣਾ ਜ਼ਰੂਰੀ ਹੈ ।



ਤਸਦੀਕਸ਼ੁਦਾ ਕਾਨੂੰਨ ਵਿੱਚ ਵਾਰ-ਵਾਰ ਅਪਰਾਧ ਕਰਨ ਵਾਲਿਆਂ 'ਤੇ ਵਿਸ਼ੇਸ਼ ਸਖਤੀ ਕਰਨ ਦੀ ਤਜਵੀਜ਼ ਰੱਖੀ ਗਈ ਹੈ । ਜੇ ਕੋਈ ਵਿਅਕਤੀ ਜਾਂ ਕੰਪਨੀ ਇੱਕ ਵਾਰੀ ਗਲਤੀ ਕਰਨ ਤੋਂ ਬਾਅਦ ਦੁਬਾਰਾ ਅਜਿਹੀ ਹੀ ਗਲਤੀ ਕਰਦੀ ਹੈ ਤਾਂ ਜ਼ੁਰਮਾਨੇ ਦੀ ਰਕਮ ਦੁੱਗਣੀ ਕਰ ਦਿੱਤੀ ਜਾਵੇਗੀ। ਤੀਜੀ ਵਾਰੀ ਉਲੰਘਣਾ ਕਰਨ 'ਤੇ ਸੰਬੰਧਿਤ ਕੀਟਨਾਸ਼ਕ ਦਾ ਰਜਿਸਟ੍ਰੇਸ਼ਨ ਜਾਂ ਲਾਇਸੈਂਸ ਮੁਅੱਤਲ ਜਾਂ ਰੱਦ ਕੀਤਾ ਜਾ ਸਕੇਗਾ । ਨਾਲ ਹੀ ਕੀਟਨਾਸ਼ਕ ਦਾ ਪੂਰਾ ਸਟਾਕ ਜ਼ਬਤ ਵੀ ਕੀਤਾ ਜਾ ਸਕੇਗਾ। ਬਿੱਲ ਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਹੁਣ ਕੰਪਨੀਆਂ ਦੇ ਪਿੱਛੇ ਲੁਕ ਕੇ ਅਪਰਾਧ ਨਹੀਂ ਕੀਤਾ ਜਾ ਸਕੇਗਾ । ਜੇ ਕਿਸੇ ਕੰਪਨੀ ਵੱਲੋਂ ਨਿਯਮਾਂ ਦੀ ਉਲੰਘਣਾ ਹੁੰਦੀ ਹੈ ਤਾਂ ਸਿਰਫ਼ ਕੰਪਨੀ ਹੀ ਨਹੀਂ, ਬਲਕਿ ਉਸ ਦੇ ਜ਼ਿੰਮੇਵਾਰ ਨਿਰਦੇਸ਼ਕ, ਪ੍ਰਬੰਧਕ ਅਤੇ ਅਧਿਕਾਰੀ ਵੀ ਨਿੱਜੀ ਤੌਰ 'ਤੇ ਸਜ਼ਾ ਦੇ ਦਾਇਰੇ ਵਿੱਚ ਆਉਣਗੇ । ਇਸ ਨਾਲ ਜਵਾਬਦੇਹੀ ਤੈਅ ਹੋਵੇਗੀ ਅਤੇ ਗੈਰ-ਕਾਨੂੰਨੀ ਕਾਰੋਬਾਰ 'ਤੇ ਨਕੇਲ ਲੱਗੇਗੀ। ਸਰਕਾਰ ਦਾ ਕਹਿਣਾ ਹੈ ਕਿ ਮੌਜੂਦਾ ਕੀਟਨਾਸ਼ਕ ਕਾਨੂੰਨ ਦਹਾਕਿਆਂ ਪੁਰਾਣੇ ਹਨ ਅਤੇ ਉਨ੍ਹਾਂ ਵਿੱਚ ਸਜ਼ਾ ਦੀ ਤਜਵੀਜ਼ ਬਹੁਤ ਹੀ ਕਮਜ਼ੋਰ ਹੈ । ਨਵੇਂ ਬਿੱਲ ਜ਼ਰੀਏ ਪੂਰੇ ਕੀਟਨਾਸ਼ਕ ਕਾਰੋਬਾਰ ਨਿਰਮਾਣ ਤੋਂ ਲੈ ਕੇ ਵਿਕਰੀ ਅਤੇ ਨਿਪਟਾਰੇ ਤੱਕ ਨੂੰ ਸਖ਼ਤ ਨਿਗਰਾਨੀ ਵਿੱਚ ਲਿਆਂਦਾ ਜਾਵੇਗਾ । ਡਿਜੀਟਲ ਰਜਿਸਟ੍ਰੇਸ਼ਨ, ਆਨਲਾਈਨ ਰਿਕਾਰਡ ਅਤੇ ਰਾਸ਼ਟਰੀ ਰਜਿਸਟਰ ਵਰਗੀਆਂ ਤਜਵੀਜ਼ਾਂ ਨਾਲ ਨਕਲੀ ਅਤੇ ਗੈਰ-ਕਾਨੂੰਨੀ ਉਤਪਾਦਾਂ ਦੀ ਪਛਾਣ ਆਸਾਨ ਹੋਵੇਗੀ ।

---

## ਸੂਰਜਮੁਖੀ ਦਾ ਤੇਲ ਖਾਣ ਵਾਲੇ ਰਿਫਾਇੰਡ ਤੇਲ ਅਤੇ ਵਨਸਪਤੀ ਦੇ ਨਿਰਮਾਣ ਲਈ ਬਹੁਤ ਢੁੱਕਵਾਂ ਹੈ

# ਸੂਰਜਮੁਖੀ ਦੀ ਖੇਤੀ ਅਤੇ ਇਸ ਦੇ ਤੇਲ ਦਾ ਮਹੱਤਵ



**ਜਗਮਨਜੋਤ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ**

ਸੂਰਜਮੁਖੀ ਘੱਟ ਸਮਾਂ ਲੈਣ ਵਾਲੀ ਇੱਕ ਬਹੁਤ ਹੀ ਮਹੱਤਵਪੂਰਨ ਤੇਲਬੀਜ ਫ਼ਸਲ ਹੈ, ਜਿਸ ਦੀ ਕਾਸ਼ਤ ਪੰਜਾਬ ਵਿੱਚ ਲਗਭਗ 1.5 ਹਜ਼ਾਰ ਹੈਕਟੇਅਰ ਰਕਬੇ ਵਿੱਚ ਕੀਤੀ ਜਾਂਦੀ ਹੈ । ਇਸ ਦੇ ਬੀਜ ਵਿੱਚ ਲਗਭਗ 34-43% ਚੰਗੀ ਗੁਣਵੱਤਾ ਵਾਲਾ ਤੇਲ ਅਤੇ ਪ੍ਰੋਟੀਨ ਕੇਕ ਹੁੰਦਾ ਹੁੰਦਾ ਹੈ । ਸੂਰਜਮੁਖੀ ਦਾ ਤੇਲ ਖਾਣ ਵਾਲੇ ਰਿਫਾਇੰਡ ਤੇਲ ਅਤੇ ਵਨਸਪਤੀ ਦੇ ਨਿਰਮਾਣ ਲਈ ਬਹੁਤ ਢੁੱਕਵਾਂ ਹੈ ।

ਸੂਰਜਮੁਖੀ ਦਾ ਤੇਲ ਲਿਨੋਲਿਕ ਐਸਿਡ (64%) ਦਾ ਭਰਪੂਰ ਸਰੋਤ ਹੈ, ਜੋ ਦਿਲ ਦੀਆਂ ਕੋਰੋਨਰੀ ਨਾੜੀਆਂ ਵਿੱਚ ਜਮ੍ਹਾਂ ਕੋਲੇਸਟ੍ਰੋਲ ਨੂੰ ਸਾਫ਼ ਕਰਨ ਵਿੱਚ ਮਦਦ ਕਰਦਾ ਹੈ ਅਤੇ ਇਸ ਤਰ੍ਹਾਂ ਸੂਰਜਮੁਖੀ ਦਾ ਤੇਲ ਦਿਲ ਦੇ ਮਰੀਜ਼ਾਂ ਲਈ ਬਹੁਤ ਚੰਗਾ ਹੈ । ਇਸ ਤੇਲ ਦੀ ਵਰਤੋਂ ਸਾਬਣ, ਕਾਸਮੈਟਿਕਸ, ਬੱਚਿਆਂ ਦੇ ਖਾਣੇ, ਪੋਲਟਰੀ ਅਤੇ ਪਸ਼ੂਆਂ ਦੇ ਰਾਸ਼ਨ ਵਿੱਚ ਵੀ ਕੀਤੀ ਜਾਂਦੀ ਹੈ ।



**ਮਿੱਟੀ ਅਤੇ ਜ਼ਮੀਨ ਦੀ ਤਿਆਰੀ** : ਸੂਰਜਮੁਖੀ ਦੀ ਕਾਸ਼ਤ ਲਈ ਪਾਣੀ ਦੇ ਚੰਗੇ ਨਿਕਾਸ ਵਾਲੀ ਦਰਮਿਆਨੀ ਜ਼ਮੀਨ ਸਭ ਤੋਂ ਢੁੱਕਵੀਂ ਹੈ । ਕਲਰਾਠੀ ਅਤੇ ਸੇਮ ਵਾਲੀਆਂ ਜ਼ਮੀਨਾਂ ਇਸ ਦੀ ਕਾਸ਼ਤ ਦੇ ਯੋਗ ਨਹੀਂ ਹਨ । ਖੇਤ ਨੂੰ 2-3 ਵਰ ਚੰਗੀ ਤਰ੍ਹਾਂ ਵਾਹੁਣ ਨਾਲ ਹਰੇਕ ਵਾਹੀ ਤੋਂ ਬਾਅਦ ਸੁਹਾਗਾ ਫੇਰੋ ਤਾਂ ਜੋ ਬਿਜਾਈ ਲਈ ਚੰਗਾ ਖੇਤ ਤਿਆਰ ਹੋ ਸਕੇ ।

**ਬਿਜਾਈ ਦਾ ਸਮਾਂ ਅਤੇ ਬੀਜ ਦੀ ਮਾਤਰਾ** : ਸੂਰਜਮੁਖੀ ਦੀ ਬਿਜਾਈ ਫਰਵਰੀ ਮਹੀਨੇ ਵਿੱਚ ਪੂਰੀ ਕਰ ਲੈਣੀ ਚਾਹੀਦੀ ਹੈ, ਕਿਉਕਿ ਪਛੇਤੀ ਬਿਜਾਈ ਵਿੱਚ ਝਾੜ ਦੀ ਕਮੀ ਆਉਂਦੀ ਹੈ । ਮਾਰਚ ਦੇ ਮਹੀਨੇ ਵਿੱਚ ਪਰਾਗਣ ਕਿਰਿਆ ਦੌਰਾਨ ਵੱਧ ਤਾਪਮਾਨ ਨਾਲ ਬੀਜ ਬਣਨ ਵਿੱਚ ਸਮੱਸਿਆ ਆਉਂਦੀ ਹੈ । ਫ਼ਸਲ ਦੀ ਸਿੱਧੀ ਬਿਜਾਈ ਲਈ 2 ਕਿਲੋ ਬੀਜ ਪ੍ਰਤੀ ਏਕੜ ਵਰਤੋ ਅਤੇ ਬੀਜ ਨੂੰ 6 ਗ੍ਰਾਮ ਟੈਗਰਾਨ 35 ਡਬਲਿਊ. ਐਸ. (ਮੈਟਾਲੈਕਸਲ) ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬਿਜਾਈ ਕਰੋ । ਮੈਂਥੇ ਅਤੇ ਸੂਰਜਮੁਖੀ ਦੀ ਅੰਤਰ ਫ਼ਸਲ ਲਈ ਸੂਰਜਮੁਖੀ ਦੀ 120 ਸੈਂਟੀਮੀਟਰ ਅਤੇ ਬੀਜੀ ਫ਼ਸਲ ਵਿੱਚ ਦੋ ਕਤਾਰਾਂ ਮੈਂਥੇ ਲਈ 1.5 ਕੁਇੰਟਲ ਮੈਂਥੇ ਦੀਆਂ ਜੜ੍ਹਾਂ ਪ੍ਰਤੀ ਏਕੜ ਵਰਤੋ ।

**ਬਿਜਾਈ ਦਾ ਢੰਗ** : ਬਿਜਾਈ 4-5 ਸੈਂਟੀਮੀਟਰ ਦੀ ਡੂੰਘਾਈ ਵਿੱਚ ਅਤੇ 60 ਸੈਂਟੀਮੀਟਰ ਦੀਆਂ ਕਤਾਰਾਂ ਵਿੱਚ ਬੂਟੇ ਤੋਂ ਬੂਟੇ ਵਿਚਕਾਰ 30 ਸੈਂਟੀਮੀਟਰ ਦਾ ਫਾਸਲਾ ਰੱਖ ਕੇ ਕਰੋ । ਫ਼ਸਲ ਦੀ ਬਿਜਾਈ ਪੂਰਬ-ਪੱਛਮ ਦਿਸ਼ਾ ਵਾਲੀਆਂ ਵੱਟਾਂ ਦੇ ਦੱਖਣ ਵਾਲੇ ਪਾਸੇ 6-8 ਸੈਂਟੀਮੀਟਰ ਹੇਠਾਂ ਕੀਤੀ ਜਾ ਸਕਦੀ ਹੈ । ਵੱਟ 'ਤੇ ਬੀਜੀ ਫ਼ਸਲ ਨੂੰ 2-3 ਦਿਨਾਂ ਬਾਅਦ ਪਾਣੀ ਦਿਉ । ਵੱਟਾਂ 'ਤੇ ਬਿਜਾਈ ਕਰਨ ਨਾਲ ਫ਼ਸਲ ਦੇ ਡਿੱਗਣ ਤੋਂ ਬਚਾਅ ਅਤੇ ਠੰਢ ਵਾਲੇ ਦਿਨਾਂ ਵਿੱਚ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ । ਸੂਰਜਮੁਖੀ ਦੀ ਪਿਛੇਤੀ ਬਿਜਾਈ (ਫਰਵਰੀ-ਮਾਰਚ) ਲਈ ਪਨੀਰੀ ਰਾਹੀਂ ਕਾਸ਼ਤ ਕੀਤੀ ਜਾ ਸਕਦੀ ਹੈ । ਪਨੀਰੀ ਦੀ ਬਿਜਾਈ ਲਈ 1.5 ਕਿਲੋ ਬੀਜ ਅਤੇ ਲਗਭਗ ਸਵਾ ਮਰਲਾ (30 ਵਰਗ ਮੀਟਰ) ਰਕਬਾ ਚਾਹੀਦਾ ਹੈ । ਇਸ ਵਿੱਚੋਂ ਇੱਕ ਏਕੜ ਦੇ ਬੂਟੇ ਲਗਭਗ 30 ਦਿਨਾਂ ਵਿੱਚ ਤਿਆਰ ਹੋ ਜਾਣਗੇ । ਪਨੀਰੀ ਦੀ ਬਿਜਾਈ ਲਈ 0.5 ਕਿਲੋ ਯੂਰੀਆ ਅਤੇ 1.5 ਕਿਲੋ ਸੁਪਰ ਫਾਸਫੇਟ ਵਰਤੋਂ ਕਰਕੇ ਬੈਡ ਤਿਆਰ ਕਰੋ ਅਤੇ ਚੰਗੀ ਤਰ੍ਹਾਂ ਸੜੀ ਹੋਈ ਰੂੜ੍ਹੀ ਨਾਲ ਬੀਜ ਨੂੰ ਢੱਕ ਦਿਉ । ਪਨੀਰੀ ਦੀ ਬਿਜਾਈ ਤੋਂ ਬਾਅਦ ਹਲਕਾ ਪਾਣੀ ਦਿਉ । ਪਨੀਰੀ ਵਾਲੇ ਕਿਆਰੇ ਨੂੰ ਪਾਰਦਰਸ਼ੀ ਪਲਾਸਟਿਕ ਦੀ ਚਾਦਰ ਨਾਲ ਸੋਟੀਆਂ ਦਾ ਸਹਾਰਾ ਦੇ ਕੇ ਸੁਰੰਗ ਵਾਂਗ ਢੱਕ ਦਿਉ ।

**ਖਾਦ ਪ੍ਰਬੰਧਨ** : ਖਾਦਾਂ ਨੂੰ ਮਿੱਟੀ ਪਰਖ ਦੇ ਆਧਾਰ 'ਤੇ ਪਾਉ ਅਤੇ ਦਰਮਿਆਨੀਆਂ ਜ਼ਮੀਨਾਂ ਵਿੱਚ ਬਿਜਾਈ ਸਮੇਂ 21 ਕਿਲੋ ਨਾਈਟਰੋਜਨ (50 ਕਿਲੋ ਯੂਰੀਆ) ਅਤੇ 12 ਕਿਲੋ ਫਾਸਫੋਰਸ (75 ਕਿਲੋ ਸਿੰਗਲ ਸੁਪਰ ਫਾਸਫੇਟ) ਪ੍ਰਤੀ ਏਕੜ ਵਰਤੋ । ਹਲਕੀਆਂ ਜ਼ਮੀਨਾਂ ਵਿੱਚ 24 ਕਿਲੋ ਨਾਈਟਰੋਜਨ (50 ਕਿਲੋ ਯੂਰੀਆ) ਨੂੰ ਦੋ ਕਿਸ਼ਤਾਂ ਵਿੱਚ ਅੱਧੀ ਬਿਜਾਈ ਅਤੇ ਅੱਧੀ ਇੱਕ ਮਹੀਨੇ ਬਾਅਦ ਪਾਉ । ਪੋਟਾਸ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 12 ਕਿਲੋ ਪੋਟਾਸ਼ (20 ਕਿਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਬਿਜਾਈ ਸਮੇਂ ਵਰਤੋਂ । ਤੋਰੀਆ ਦੀ ਫ਼ਸਲ ਤੋਂ ਬਾਅਦ ਬਿਜਾਈ ਕੀਤੀ ਫ਼ਸਲ ਵਿੱਚ ਸਿਫਾਰਿਸ਼ ਕੀਤੀ ਖਾਦ ਨਾਲ 10 ਟਨ ਚੰਗੀ ਤਰ੍ਹਾਂ ਗਲੀ-ਸੜੀ ਹੋਈ ਰੂੜ੍ਹੀ ਦੀ ਵਰਤੋਂ ਕਰੋ ।

ਜੇਕਰ ਸੂਰਜਮੁਖੀ ਦੀ ਕਾਸ਼ਤ ਆਲੂ, ਜਿਸ ਨੂੰ 20 ਟਨ ਰੂੜ੍ਹੀ ਪਾਈ ਗਈ ਹੋਵੇ, ਉਸ ਤੋਂ ਬਾਅਦ ਕੀਤੀ ਜਾਵੇ ਤਾਂ ਯੂਰੀਆ ਨੂੰ ਘਟਾ ਕੇ 25 ਕਿਲੋ ਪ੍ਰਤੀ ਏਕੜ ਪਾਈ ਜਾਵੇ ।

**ਸਿੰਚਾਈ** : ਸੂਰਜਮੁਖੀ ਨੂੰ ਮਿੱਟੀ ਅਤੇ ਮੌਸਮ ਦੇ ਆਧਾਰ 'ਤੇ ਲਗਭਗ 6-9 ਪਾਣੀਆਂ ਦੀ ਲੋੜ ਪੈਂਦੀ ਹੈ । ਪਹਿਲਾ ਪਾਣੀ ਬਿਜਾਈ ਤੋਂ ਇੱਕ ਮਹੀਨਾ ਬਾਅਦ ਅਤੇ ਇਸ ਤੋਂ ਬਾਅਦ ਮਾਰਚ ਵਿੱਚ ਪਾਣੀ ਦੋ ਹਫਤਿਆਂ ਬਾਅਦ ਅਤੇ ਅਪ੍ਰੈਲ ਵਿੱਚ 8-10 ਦਿਨਾਂ ਬਾਅਦ ਲਾਓ । ਸੂਰਜਮੁਖੀ ਨੂੰ 50% ਫੁੱਲ ਪੈਣ ਸਮੇਂ, ਦਾਣਿਆਂ ਦੇ ਨਰਮ ਅਤੇ ਸਖਤ ਦੋਧੇ ਸਮੇਂ ਸਿੰਚਾਈ ਬਹੁਤ ਜ਼ਰੂਰੀ ਹੈ ।

**ਮਿੱਟੀ ਚੜ੍ਹਾਉਣਾ ਅਤੇ ਨਦੀਨਾਂ ਦੀ ਰੋਕਥਾਮ** : ਬੂਟਿਆਂ ਨੂੰ ਡਿੱਗਣ ਤੋਂ ਬਚਾਉਣ ਲਈ ਫੁੱਲ ਨਿਕਲਣ ਤੋਂ ਪਹਿਲਾਂ (60-70 ਸੈਂਟੀਮੀਟਰ ਉੱਚੀ ਫ਼ਸਲ) ਮਿੱਟੀ ਚੜ੍ਹਾਓ । ਫ਼ਸਲ ਵਿੱਚ ਪਹਿਲੀ ਗੋਡੀ ਬਿਜਾਈ ਤੋਂ 2-3 ਹਫਤੇ ਬਾਅਦ ਅਤੇ ਦੂਜੀ ਉਸ ਤੋਂ 3 ਹਫਤੇ ਬਾਅਦ ਕਰੋ ।

**ਕਟਾਈ ਅਤੇ ਗਹਾਈ** : ਸਿਰਾਂ ਦੇ ਹੇਠਲੇ ਪਾਸੇ ਪੀਲਾ ਭੂਰਾ ਰੰਗ, ਡਿਸਕਾਂ ਦੇ ਸੁੱਕਣਾ ਸ਼ੁਰੂ ਹੋਣਾ ਅਤੇ ਦਾਣਿਆਂ ਦਾ ਰੰਗ ਕਾਲਾ ਹੋਣ 'ਤੇ ਫ਼ਸਲ ਕੱਟਣ ਲਈ ਤਿਅਰ ਹੈ । ਸਿਰਾਂ ਦੀ ਗਹਾਈ ਸੂਰਜਮੁਖੀ ਥਰੈਸ਼ਰ ਨਾਲ ਕਰੋ ਅਤੇ ਚੰਗੀ ਤਰ੍ਹਾਂ ਸੁਕਾ ਕੇ ਸਟੋਰ ਕਰੋ ।





# ਕਣਕ ਦੀ ਫ਼ਸਲ ਨੂੰ ਕੀੜੇ-ਮਕੌੜਿਆਂ ਤੋਂ ਬਚਾਉਣਾ ਜ਼ਰੂਰੀ

ਗੁਰਪ੍ਰੀਤ ਸਿੰਧ ਮੱਕੜ, ਰਾਕੇਸ਼ ਕੁਮਾਰ ਸ਼ਰਮਾ

**ਕਣਕ ਦੀ ਫ਼ਸਲ ਹਾੜ੍ਹੀ ਦੀਆਂ ਮੁੱਖ ਫ਼ਸਲਾਂ ਵਿੱਚੋਂ ਇੱਕ ਹੈ। ਇਨ੍ਹਾਂ ਫ਼ਸਲਾਂ 'ਤੇ ਆਉਣ ਵਾਲੇ ਕੀੜਿਆਂ ਕਾਰਨ ਨੁਕਸਾਨ ਕਾਫ਼ੀ ਜ਼ਿਆਦਾ ਹੁੰਦਾ ਹੈ, ਇਸ ਲਈ ਇਨ੍ਹਾਂ ਦੀ ਸਮੇਂ ਸਿਰ ਰੋਕਥਾਮ ਬਹੁਤ ਜ਼ਰੂਰੀ ਹੈ। ਇਨ੍ਹਾਂ ਕੀੜੇ-ਮਕੌੜਿਆਂ ਦਾ ਸਹੀ ਪ੍ਰਬੰਧਨ ਫ਼ਸਲ ਦੇ ਉਤਪਾਦਨ ਨੂੰ ਵਧਾ ਸਕਦਾ ਹੈ ਅਤੇ ਗੁਣਵੱਤਾ ਵਿੱਚ ਸੁਧਾਰ ਕਰ ਸਕਦਾ ਹੈ।**

## ਸਿਉਂਕ

ਕਿਉਂਕਿ ਕਣਕ ਦੀ ਫ਼ਸਲ ਬੀਜਣ ਦੇ ਛੇਤੀ ਪਿੱਛੋਂ ਤੇ ਫੇਰ ਪੱਕਣ ਸਮੇਂ ਬਹੁਤ ਨੁਕਸਾਨ ਕਰਦੀ ਹੈ। ਇਹ ਕੀੜੇ ਆਮ ਤੌਰ 'ਤੇ ਹਮਲੇ ਵਾਲੇ ਬੂਟਿਆਂ



ਦੀਆਂ ਜੜ੍ਹਾਂ ਵਿੱਚ ਛੇਕ ਕਰ ਦਿੰਦੇ ਹਨ, ਜਿਸ ਨਾਲ ਬੂਟੇ ਸੁੱਕ ਜਾਂਦੇ ਹਨ ਅਤੇ ਸੌਖੇ ਹੀ ਪੁੱਟੇ ਜਾ ਸਕਦੇ ਹਨ। ਦਰਮਿਆਨੀ ਫ਼ਸਲ ਤੇ ਖ਼ਾਸਕਰ ਛੋਟੇ ਪੌਦਿਆਂ 'ਤੇ ਹਮਲਾ ਕਰਦੇ ਹਨ ਅਤੇ ਸੋਕੇ ਦੇ ਸਮੇਂ ਦੌਰਾਨ ਇਹ ਹਮਲਾ ਖੜ੍ਹੀ ਫ਼ਸਲ 'ਤੇ ਵੀ ਜਾਰੀ ਰਹਿ ਸਕਦਾ ਹੈ। ਸਿਉਂਕ ਨੂੰ ਆਮ ਤੌਰ 'ਤੇ ਪ੍ਰਭਾਵਿਤ ਬੂਟਿਆਂ ਦੀਆਂ ਜੜ੍ਹਾਂ ਦੇ ਆਲੇ-ਦੁਆਲੇ ਰੱਖਿਆ ਜਾਂਦਾ ਹੈ। ਇਸ ਦਾ ਹਮਲਾ ਹਲਕੀਆਂ ਜ਼ਮੀਨਾਂ ਵਿੱਚ ਹੁੰਦਾ ਹੈ।

**ਰੋਕਥਾਮ** : ਇਸ ਦੀ ਰੋਕਥਾਮ ਲਈ 40 ਗ੍ਰਾਮ ਕਰੂਜ਼ਰ (ਥਾਇਆਮੀਥੋਕਸਮ) ਜਾਂ 160 ਮਿਲੀਲਿਟਰ



ਡਰਸਬਾਨ/ਰੂਬਾਨ/ਡਰਮਟ 20 ਈਸੀ (ਕਲੋਰਪਾਈਰੀਫਾਸ) ਜਾਂ 80 ਮਿਲੀਲਿਟਰ ਨਿਓਨਿਕਸ 20 ਐਫਐਸ (ਇਮਿਡਾਕਲੋਪਰਿਡ + ਹੈਕਸਾਕੋਨਾਜ਼ੋਲ) ਲੈ ਕੇ ਇੱਕ ਲਿਟਰ ਪਾਣੀ ਵਿੱਚ ਘੋਲ ਕੇ 40 ਕਿਲੋ ਬੀਜ ਦੀ ਪੱਕੇ ਫ਼ਰਸ਼, ਤਰਪਾਲ ਜਾਂ ਪਲਾਸਟਿਕ ਦੀ ਸ਼ੀਟ 'ਤੇ ਪਤਲੀ ਤਹਿ ਵਿਛਾ ਕੇ ਛਿੜਕਾਅ ਕਰਕੇ ਬੀਜ ਨੂੰ ਸੋਧੋ। ਨਿਓਨਿਕਸ ਨਾਲ ਸੋਧੇ ਬੀਜ ਨੂੰ ਕਾਂਗਿਆਰੀ ਵੀ ਨਹੀਂ ਲੱਗਦੀ। ਕੀਟਨਾਸ਼ਕ ਨਾਲ ਸੋਧੇ ਹੋਏ ਬੀਜ ਦਾ ਉੱਗਣ ਸਮੇਂ ਪੰਛੀ ਘੱਟ ਨੁਕਸਾਨ ਕਰਦੇ ਹਨ। ਆਮ ਤੌਰ 'ਤੇ ਸਿਉਂਕ ਦਾ ਹਮਲਾ ਰੇਤਲੀਆਂ ਜ਼ਮੀਨਾਂ ਵਿੱਚ ਜ਼ਿਆਦਾ ਹੁੰਦਾ ਹੈ ਅਤੇ ਪਾਣੀ ਲਗਾਉਣ ਨਾਲ ਇਹ ਕੁੱਝ ਹੱਦ ਤੱਕ ਠੀਕ ਹੋ ਜਾਂਦਾ ਹੈ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਮੋਰਟਲ 0.3 ਜੀ (ਫਿਪਰੋਨਿਲ) ਜਾਂ 1.2 ਲਿਟਰ ਡਰਸਬਾਨ 20 ਈਸੀ (ਕਲੋਰਪਾਈਰੀਫਾਸ) ਨੂੰ 20 ਕਿਲੋ ਸਲ੍ਹਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਲਗਾਉਣ ਤੋਂ ਪਹਿਲਾਂ ਛੱਟਾ ਦੇਵੋ।

## ਚੇਪੇ ਦਾ ਹਮਲਾ

ਚੇਪੇ ਦੇ ਹਮਲੇ ਕਾਰਨ ਕਣਕ ਦੇ ਪੱਤੇ ਪੀਲੇ ਪੈ ਜਾਂਦੇ ਹਨ ਤੇ ਸੁੱਕ ਜਾਂਦੇ ਹਨ।

**ਰੋਕਥਾਮ** : ਜੇਕਰ 5 ਚੇਪੇ ਪ੍ਰਤੀ ਸਿੱਟਾ ਹੋਣ (ਇੱਕ ਏਕੜ ਖੇਤ ਦੇਹਰੇਕ ਚਾਰ ਹਿੱਸਿਆਂ ਵਿੱਚੋਂ ਚੁਣੇ 10-10 ਸਿੱਟਿਆਂ ਦੇ ਆਧਾਰ 'ਤੇ) ਤਾਂ ਇਨ੍ਹਾਂ ਦੀ ਰੋਕਥਾਮ ਲਈ 2 ਲਿਟਰ ਘਰ ਬਣਾਏ ਨਿੰਮ ਦੇ ਘੋਲ ਦੇ ਹਫ਼ਤੇ-ਹਫ਼ਤੇ 'ਤੇ ਦੋ ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਰਾਇਓ 25 ਡਬਲਯੂ ਜੀ (ਥਾਇਆਮੈਥੋਕਸਮ) ਦਾ ਇੱਕ ਛਿੜਕਾਅ, 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਚੇਪੇ ਦੀ ਰੋਕਥਾਮ ਸਿੱਟੇ ਪੈਣ ਵੇਲੇ ਕਰੋ, ਕਿਉਂਕਿ ਚੇਪੇ ਦਾ ਹਮਲਾ ਪਹਿਲਾਂ ਖੇਤ ਦੇ ਬਾਹਰਲੇ ਹਿੱਸਿਆਂ 'ਤੇ ਹੁੰਦਾ ਹੈ। ਇਸ ਲਈ ਛਿੜਕਾਅ ਸਿਰਫ਼ ਅਜਿਹੇ ਹਮਲੇ ਵਾਲੇ ਹਿੱਸੇ 'ਤੇ ਹੀ ਕਰੋ, ਤਾਂ ਕਿ ਚੇਪੇ ਦਾ ਹਮਲਾ ਅੱਗੇ ਫੈਲਣ ਤੋਂ ਰੋਕਿਆ ਜਾ ਸਕੇ।

**ਨਿੰਮ ਦਾ ਘੋਲ ਤਿਆਰ ਕਰਨ ਦੀ ਵਿਧੀ** : ਨਿੰਮ ਦਾ ਘੋਲ ਘਰ ਬਣਾਉਣ ਲਈ ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਤੇ



ਨਿੰਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫ਼ਾਰਸ਼ ਕੀਤੀ ਮਾਤਰਾ ਮੁਤਾਬਕ ਛਿੜਕਾਅ ਕਰੋ।

## ਸੈਨਿਕ ਸੁੰਡੀ

ਇਹ ਸੁੰਡੀ ਕਣਕ ਦੀ ਫ਼ਸਲ ਦੇ ਪੱਤੇ ਅਤੇ ਸਿੱਟੇ ਨੂੰ ਮਾਰਚ-ਅਪ੍ਰੈਲ ਦੇ ਮਹੀਨੇ ਬਹੁਤ ਬੁਰੀ ਤਰ੍ਹਾਂ ਖਾਂਦੀ ਹੈ।

**ਰੋਕਥਾਮ** : ਇਸ ਦੀ ਰੋਕਥਾਮ ਲਈ 40 ਮਿਲੀਲਿਟਰ ਕੋਰਾਜਨ 18.5 ਐਸਸੀ (ਕਲੋਰਐਂਟਰਾਨਿਲੀਪਰੋਲ) ਜਾਂ 400 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫ਼ਾਸ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨੈਪਸੈਕ ਪੰਪ ਨਾਲ ਛਿੜਕਾਅ ਕਰੋ। ਇਸ ਦੇ ਬਦਲ ਵਿਚ 7 ਕਿਲੋ ਮੋਰਟੈਲ/ਰੀਜੈਂਟ 0.3 ਜੀ (ਫਿਪਰੋਨਿਲ) ਜਾਂ 1 ਲਿਟਰ ਡਰਸਬਾਨ 20 ਈਸੀ (ਕਲੋਰਪਾਈਰੀਫਾਸ) ਨੂੰ 20 ਕਿਲੋ ਸਲ੍ਹਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਪਾਣੀ ਲਗਾਉਣ ਤੋਂ ਪਹਿਲਾਂ ਛੱਟਾ ਦੇਵੋ। ਚੰਗੇ ਨਤੀਜੇ ਲੈਣ ਲਈ ਛਿੜਕਾਅ ਸ਼ਾਮ ਵੇਲੇ ਕਰੋ।

ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਸਪਤਾਹਿਕ
ਪਟਿਆਲਾ
ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



12 ਨਹੀਂ 24 ਨਹੀਂ
ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 04
ਮਿਤੀ 24-01-2026

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**




## ਖ਼ਤਰਨਾਕ ਹੱਦ ਤੱਕ ਵਧ ਗਿਆ ਹੈ

# ਧਰਤੀ ਹੇਠਲੇ ਪਾਣੀ ਦਾ ਸੰਕਟ

**ਹਰਜਿੰਦਰ ਸਿੰਘ ਲਾਲ**, 1044, ਗੁਰੂ ਨਾਨਕ ਸਟਰੀਟ, ਸਮਰਾਲਾ ਰੋਡ, ਖੰਨਾ (ਮੋ. 92168-60000)


ਆਪ ਕਾ ਕੋਈ ਸਫ਼ਰ ਬੇ-ਸਮਤ ਬੇ-ਮੰਜ਼ਿਲ ਨਾ ਹੋ,
ਜ਼ਿੰਦਗੀ ਐਸੀ ਨਾ ਜੀਨਾ ਜਿਸ ਕਾ ਮੁਸਤਕਬਿਲ ਨਾ ਹੋ।

ਗੱਲ ਕੋਈ ਬਹੁਤ ਪੁਰਾਣੀ ਨਹੀਂ, 9 ਜੁਲਾਈ 2021 ਦੀ ਹੈ। ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਖ਼ਤਮ ਹੁੰਦੇ ਜਾਣ ਤੋਂ ਬਚਾਅ ਲਈ ਇੱਕ ਲੇਖ ਲਿਖਿਆ ਗਿਆ ਸੀ 'ਬੇਹੱਦ ਜ਼ਰੂਰੀ ਹੈ ਝੋਨੇ ਦਾ ਬਦਲ ਲੱਭਣਾ।' ਕਿਸੇ ਸਰਕਾਰ, ਕਿਸੇ ਕਿਸਾਨ ਯੂਨੀਅਨ ਜਾਂ ਕਿਸੇ ਹੋਰ ਜ਼ਿੰਮੇਵਾਰ ਅਧਿਕਾਰੀ 'ਤੇ ਉਸ ਦਾ ਕੋਈ ਅਸਰ ਤਾਂ ਸ਼ਾਇਦ ਹੀ ਹੋਇਆ ਹੋਵੇ, ਪਰ ਇਹ ਜ਼ਰੂਰ ਹੋਇਆ ਕਿ 3-4 ਕਿਸਾਨਾਂ ਨੇ ਫ਼ੋਨ ਕਰਕੇ ਵਿਰੋਧ ਜ਼ਰੂਰ ਜਤਾਇਆ ਸੀ ਕਿ ਤੁਸੀਂ ਕਿਸਾਨਾਂ ਦੇ ਵਿਰੁੱਧ ਲਿਖ ਰਹੇ ਹੋ। ਜਦੋਂ ਉਨ੍ਹਾਂ ਨੂੰ ਕਿਹਾ ਗਿਆ ਕਿ ਇਹ ਪੰਜਾਬ ਤੇ ਪੰਜਾਬ ਦਾ ਮੁਸਤਕਬਿਲ (ਭਵਿੱਖ) ਬਚਾਉਣ ਦਾ ਸਵਾਲ ਹੈ ਤਾਂ ਇੱਕ ਸੱਜਣ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਅਸੀਂ ਆਪਣਾ ਵਰਤਮਾਨ ਵੇਖੀਏ ਕਿ ਭਵਿੱਖ। ਖ਼ੈਰ ਅੱਜ ਉਹੀ ਗੱਲ ਦੁਬਾਰਾ ਉਠਾਉਣ ਦਾ ਕਾਰਨ ਇਹ ਹੈ ਕਿ ਕਰੀਬ 98 ਸਾਲਾ ਪਦਮ ਭੂਸ਼ਣ ਇਨਾਮ ਲੈਣ ਵਾਲੇ ਪ੍ਰਮੁੱਖ ਪੰਜਾਬੀ ਅਰਥ-ਸ਼ਾਸਤਰੀ ਜੋ ਵੱਖ-ਵੱਖ ਯੂਨੀਵਰਸਿਟੀਆਂ ਦੇ ਮੁੱਖੀ ਰਹੇ, ਰਿਜ਼ਰਵ ਬੈਂਕ ਦੇ ਡਾਇਰੈਕਟਰ ਵੀ ਰਹੇ ਸਨ, ਭਾਵ ਸ. ਸਰਦਾਰਾ ਸਿੰਘ ਜੌਹਲ ਨੇ ਵੀ ਹੁਣ ਇਹ ਸਵਾਲ ਉਠਾਇਆ ਹੈ ਕਿ ਝੋਨੇ ਅਤੇ ਕਣਕ ਦਾ ਫ਼ਸਲੀ ਚੱਕਰ ਪੰਜਾਬ ਦੇ ਭਵਿੱਖ ਲਈ ਖ਼ਤਰਨਾਕ ਹੈ। ਜੌਹਲ ਨੇ ਇਹ ਕਿਹਾ ਕਿ ਪੰਜਾਬ ਵਿੱਚ ਸਿੰਜਾਈ ਲਈ ਕਰੀਬ 70 ਫ਼ੀਸਦੀ ਧਰਤੀ ਹੇਠਲੇ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਨਾਲ ਸਾਫ਼-ਸਾਫ਼ ਲਿਖਿਆ ਕਿ ਅਸਲ ਵਿੱਚ ਅਸੀਂ ਭੋਜਨ ਜਾਂ ਫ਼ਸਲਾਂ ਪੰਜਾਬ ਤੋਂ ਬਾਹਰ ਨਹੀਂ ਭੇਜਦੇ, ਸਗੋਂ ਅਸੀਂ ਆਪਣਾ ਭੂ-ਗਰਭ ਜਲ ਪੈਕ ਕਰਕੇ ਭੇਜ ਰਹੇ ਹਾਂ। ਉਨ੍ਹਾਂ ਦਾ ਇਹ ਕਹਿਣਾ ਦਿਲ ਹਿਲਾ ਕੇ ਰੱਖ ਦੇਣ ਵਾਲਾ ਹੈ ਕਿ ਸਿਰਫ਼ ਇੱਕ ਕਿੱਲੋ ਚੌਲ ਪੈਦਾ ਕਰਨ 'ਤੇ 5000 ਗੈਲਨ ਭਾਵ 18 ਹਜ਼ਾਰ 925 ਲੀਟਰ ਪਾਣੀ ਵਰਤਿਆ ਜਾਂਦਾ ਹੈ, ਜਦੋਂਕਿ ਇੱਕ ਕਿਲੋ ਕਣਕ ਪੈਦਾ ਕਰਨ 'ਤੇ ਵੀ 3000 ਗੈਲਨ ਭਾਵ 11 ਹਜ਼ਾਰ 350 ਲੀਟਰ ਪਾਣੀ ਦੀ ਖਪਤ ਹੁੰਦੀ ਹੈ। ਉਨ੍ਹਾਂ ਕਿਹਾ, 'ਅਫ਼ਸੋਸ ਕਿ ਹੁਣ ਪੰਜਾਬ ਦੇਸ਼ ਲਈ ਅੰਨ ਉਤਪਾਦਨ ਲਈ ਭਵਿੱਖ ਦੀਆਂ ਪੀੜ੍ਹੀਆਂ ਦਾ ਪੀਣ ਯੋਗ ਪਾਣੀ ਵਰਤ ਰਿਹਾ ਹੈ।' ਉਨ੍ਹਾਂ ਨੇ ਟਿਊਬਵੈੱਲਾਂ ਨੂੰ ਮੁਫ਼ਤ ਬਿਜਲੀ ਦਾ ਵਿਰੋਧ ਕੀਤਾ ਤੇ ਇਸ ਦੇ ਬਦਲੇ ਝੋਨੇ ਦੀ ਲਾਲਚ ਵਿੱਚ ਪਾਣੀ ਦੀ ਕੀਮਤ ਜੋੜ ਕੇ ਕਿਸਾਨ ਨੂੰ ਸਬਸਿਡੀ ਵਧੇਰੇ ਐਮ. ਐਸ. ਪੀ. ਵਜੋਂ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਝੋਨੇ ਤੇ ਕਣਕ ਹੇਠ ਰਕਬਾ ਘਟੇ। ਉਨ੍ਹਾਂ ਦੱਸਿਆ ਕਿ ਮੁਫ਼ਤ ਬਿਜਲੀ ਕਾਰਨ ਹੀ ਕਈ ਮਿਲੀਅਨ ਡਾਲਰ ਦਾ ਵਿਸ਼ਵ ਬੈਂਕ ਦਾ ਪ੍ਰਜੈਕਟ ਜੋ ਪੰਜਾਬ ਦੀ ਬਿਹਤਰੀ ਲਈ ਸੀ, ਵੀ ਖ਼ਤਮ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਕਿਸਾਨ ਨੂੰ ਸਬਸਿਡੀ ਦੇਣੀ ਜ਼ਰੂਰੀ ਹੈ ਪਰ ਬਿਜਲੀ ਮੁਫ਼ਤ ਦੇਣੀ ਖਤਰੇ ਵਾਲਾ ਲਾਲ ਨਿਸ਼ਾਨ ਜਾਂ ਰੈੱਡ ਬਾਕਸ ਸਬਸਿਡੀ ਹੈ, ਜਦੋਂ ਕਿ ਵੱਧ ਐਮ. ਐਸ. ਪੀ. ਵਾਲੀ ਸਬਸਿਡੀ ਹਰੇ ਬਾਕਸ ਵਾਲੀ ਸਬਸਿਡੀ ਹੋਵੇਗੀ। ਉਨ੍ਹਾਂ ਦਾ ਬਿਲਕੁਲ ਠੀਕ ਨਤੀਜਾ ਹੈ ਕਿ ਬਿਜਲੀ 'ਤੇ ਮਿਲਦੀ ਸਬਸਿਡੀ ਅਸਲ ਵਿੱਚ ਕਿਸਾਨ ਜਾਂ ਪੰਜਾਬ ਨੂੰ ਨਹੀਂ ਮਿਲਦੀ, ਇਹ ਤਾਂ ਪੰਜਾਬ ਤੋਂ ਬਾਹਰਲੇ ਅਤੇ (ਦੇਸ਼ ਤੋਂ ਬਾਹਰਲੇ) ਖਪਤਕਾਰਾਂ ਨੂੰ ਮਿਲ ਰਹੀ ਹੈ। ਜੇਕਰ ਮੁਫਤ ਬਿਜਲੀ ਦੀ ਥਾਂ ਇਹ ਸਬਸਿਡੀ ਫ਼ਸਲ ਦੀ ਵੱਧ ਐਮ. ਐਸ. ਪੀ. ਵਜੋਂ ਮਿਲੇ ਤਾਂ ਇਹ ਸਬਸਿਡੀ ਪੰਜਾਬ ਦੀ ਤਰੱਕੀ ਦੇ ਕੰਮ ਆਏ ਤੇ ਪੰਜਾਬ ਦੀ ਆਰਥਿਕਤਾ ਸੁਧਾਰਨ ਦਾ ਕੰਮ ਕਰੇਗੀ। ਉਨ੍ਹਾਂ ਦੀ ਹੈਰਾਨੀ ਵੀ ਹੱਕ ਬਨਾਜਬ ਹੈ ਕਿ ਨੀਤੀਆਂ ਕਦੇ ਵੀ ਸਥਾਈ ਨਹੀਂ ਹੁੰਦੀਆਂ, ਇਹ ਹਾਲਾਤ ਤੇ ਸਮੇਂ ਮੁਤਾਬਿਕ ਬਦਲਦੀਆਂ ਰਹਿੰਦੀਆਂ ਹਨ। ਪਰ ਸਾਡੀ ਸਰਕਾਰ ਤੇ ਖੇਤੀ ਯੂਨੀਵਰਸਿਟੀ ਅਜੇ 1965 ਵਾਲੀ ਕਣਕ ਅਤੇ ਝੋਨੇ ਦੀ ਖੇਤੀ 'ਤੇ ਹੀ ਖੜ੍ਹੀ ਹੈ, ਜਿਸ ਕਾਰਨ ਪੰਜਾਬ ਜਲ ਤੇ ਵਾਤਾਵਾਰਨ ਨਾਲ ਜੁੜੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਦਾ ਮੁਸਤਕਬਿਲ (ਭਵਿੱਖ) ਹਨੇਰਾ ਹੈ।

ਹਾਲ ਖ਼ੂੰ ਮੇਂ ਡੂਬਾ ਹੈ ਕਲ ਨਾ ਜਾਨੇ ਕਯਾ ਹੋਗਾ
ਅਬ ਤੋ ਖ਼ੌਫ਼-ਏ-ਮੁਸਤਕਬਿਲ ਜ਼ਹਿਨ-ਜ਼ਹਿਨ ਤਾਰੀ ਹੈ।

### ਪੰਜਾਬ : ਧਰਤੀ ਹੇਠਲੇ ਪਾਣੀ ਦੀ ਸਥਿਤੀ ਗੰਭੀਰ

ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਦੇ ਕੁੱਲ 153 ਮੁਲਾਂਕਣ ਯੂਨਿਟਾਂ ਜਾਂ ਬਲਾਕਾਂ ਵਿੱਚੋਂ ਇਸ



ਵੇਲੇ 115 ਵਿੱਚੋਂ 117 ਯੂਨਿਟ ਡਾਰਕ ਜ਼ੋਨ ਵਾਲੀ ਸਥਿਤੀ ਵਿੱਚ ਹਨ, ਭਾਵ ਇਨ੍ਹਾਂ ਵਿੱਚੋਂ ਧਰਤੀ ਹੇਠਾਂ ਰੀਚਾਰਜ ਹੋਣ ਵਾਲੀ ਪਾਣੀ ਦੀ ਕੁੱਲ 100 ਫ਼ੀਸਦੀ ਮਾਤਰਾ ਨਾਲੋਂ ਜ਼ਿਆਦਾ ਪਾਣੀ ਕੱਢਿਆ ਜਾ ਰਿਹਾ ਹੈ, ਜਦੋਂ ਕਿ ਸਿਰਫ਼ 17 ਤੋਂ 20 ਬਲਾਕ ਹੀ ਸੁਰੱਖਿਅਤ ਬਲਾਕ ਹਨ। ਇਸ ਵੇਲੇ ਪੰਜਾਬ 156 ਫ਼ੀਸਦੀ ਧਰਤੀ ਹੇਠਲਾ ਪਾਣੀ ਵਰਤ ਰਿਹਾ ਹੈ, ਜੇਕਰ ਇਹੀ ਰੁਝਾਨ ਜਾਰੀ ਰਿਹਾ ਤਾਂ ਸਾਲ 2039 ਭਾਵ 13 ਸਾਲਾਂ ਵਿੱਚ ਹੀ ਪੰਜਾਬ ਦੇ ਬਹੁਤੇ ਇਲਾਕਿਆਂ ਵਿੱਚ ਪਾਣੀ 1000 ਫੁੱਟ ਤੋਂ ਹੀ ਹੇਠਾਂ ਜਾ ਸਕਦਾ ਹੈ, ਜਿਸ ਨਾਲ ਪੰਜਾਬ ਦੇ ਕਈ ਖੇਤਰ ਬੰਜਰ ਹੋ ਜਾਣਗੇ। ਉੱਪਰੋਂ ਹਾਲਤ ਇਹ ਹੈ ਕਿ ਪੰਜਾਬ ਵਿੱਚ 14 ਤੋਂ 15 ਲੱਖ ਟਿਊਬਵੈੱਲ ਮੁਫਤ ਬਿਜਲੀ ਨਾਲ ਇਨ੍ਹਾਂ ਮੀਟਰਾਂ ਤੋਂ ਆਟੋ ਸਟਾਰਟਾਂ ਨਾਲ ਚੱਲ ਰਹੇ ਹਨ। ਇਹ ਸਥਿਤੀ ਅਜਿਹੀ ਹੈ ਕਿ ਬਰਬਾਦੀ ਤੋਂ ਬਾਅਦ ਪੰਜਾਬੀ ਬਸ ਤਾਬਿਸ਼ ਕਮਾਲ ਦਾ ਇਹ ਸ਼ਿਅਰ ਦੁਹਰਾਉਣ ਜੋਗੇ ਹੀ ਰਹਿ ਜਾਣਗੇ :

ਹਮ ਉਸ ਧਰਤੀ ਕੇ ਬਾਸ਼ਿੰਦੇ ਥੇ ਤਾਬਿਸ਼,
ਕਿ ਜਿਸ ਕਾ ਕੋਈ ਮੁਸਤਕਬਿਲ ਨਹੀਂ ਥਾ।

# ਹਾੜ੍ਹੀ ਦੀਆਂ ਫ਼ਸਲਾਂ ਦਾ ਕੋਰੇ ਤੋਂ ਬਚਾਅ

ਹਰਲੀਨ ਕੌਰ ਤੇ
ਕੁਲਵਿੰਦਰ ਕੌਰ ਗਿੱਲ

**ਕੋਰਾ ਵੀ ਕੁਦਰਤੀ ਆਫ਼ਤ ਹੈ ਜਿਸ ਕਾਰਨ ਫ਼ਸਲਾਂ ਖ਼ਾਸ ਕਰਕੇ ਸਬਜ਼ੀਆਂ ਦਾ ਭਾਰੀ ਨੁਕਸਾਨ ਹੁੰਦਾ ਹੈ। ਸਰਦੀਆਂ ਵਿੱਚ ਠੋਸ ਸਤ੍ਹਾਂ ਜਿਵੇਂ ਕਿ ਜ਼ਮੀਨ ਅਤੇ ਪੌਤਿਆਂ ਉੱਪਰ ਬਨਣ ਵਾਲੀ ਬਰਫ਼ ਦੀ ਪਤਲੀ ਤਹਿ ਨੂੰ 'ਕੋਰਾ' ਕਿਹਾ ਜਾਂਦਾ ਹੈ...**

**ਕੋਰੇ ਕਾਰਨ ਫ਼ਸਲਾਂ ਦੇ ਹੋਣ ਵਾਲੇ ਬਹੁਤ ਵਧੇਰੇ ਨੁਕਸਾਨ ਨੂੰ ਮੱਦੇਨਜ਼ਰ ਰੱਖਦੇ ਹੋਏ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ ਤਾਂ ਜੋ ਫ਼ਸਲਾਂ ਨੂੰ ਕੋਰੇ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਇਆ ਜਾ ਸਕੇ ਅਤੇ ਕੋਰੇ ਕਾਰਨ ਹੋਣ ਵਾਲੇ ਸੰਭਾਵਿਤ ਨੁਕਸਾਨ ਤੋਂ ਬਚਾਇਆ ਜਾ ਸਕੇ...**



ਸਾਲ ਦਰ ਸਾਲ ਮੌਸਮੀ ਹਲਾਤਾਂ ਵਿੱਚ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ ਅਤੇ ਇਹ ਬਦਲਾਅ ਪਿਛਲੇ 2-3 ਦਹਾਕਿਆਂ ਵਿੱਚ ਜ਼ਿਆਦਾ ਦੇਖਿਆ ਗਿਆ ਹੈ। ਮੌਸਮ ਵਿੱਚ ਆਉਣ ਵਾਲੇ ਨਿਗਾਰਾਂ ਦੀਆਂ ਘਟਨਾਵਾਂ ਜਾਂ ਅਤਿ ਘਟਨਾਵਾਂ ਵਿੱਚ ਵੀ ਵਾਧਾ ਹੋਇਆ ਹੈ। ਜੇਕਰ ਆਫਤਾਂ ਦੀ ਗੱਲ ਕਰੀਏ ਤਾਂ ਕੋਰਾ ਵੀ ਅਜਿਹੀ ਕੁਦਰਤੀ ਆਫ਼ਤ ਹੈ ਜਿਸ ਕਾਰਨ ਫ਼ਸਲਾਂ ਖਾਸ ਕਰਕੇ ਸਬਜ਼ੀਆਂ ਦਾ ਭਾਰੀ ਨੁਕਸਾਨ ਹੁੰਦਾ ਹੈ। ਸਰਦੀਆਂ ਵਿੱਚ ਠੋਸ ਸਤ੍ਹਾ ਜਿਵੇਂ ਕਿ ਜ਼ਮੀਨ ਅਤੇ ਪੱਤਿਆਂ ਉੱਪਰ ਬਨਣ ਵਾਲੀ ਬਰਫ਼ ਦੀ ਪਤਲੀ ਤਹਿ ਨੂੰ 'ਕੋਰਾ' ਕਿਹਾ ਜਾਂਦਾ ਹੈ। ਭਾਰਤ ਦੇ ਉੱਤਰ ਪੱਛਮੀ ਖੇਤਰਾਂ ਵਿੱਚ ਦਸੰਬਰ ਅਤੇ ਜਨਵਰੀ ਵਿੱਚ ਵਾਪਰਨ ਵਾਲੀ ਇਹ ਆਮ ਅਲਾਮਤ ਹੈ। ਜ਼ਿਆਦਾ ਠੰਢ ਦੌਰਾਨ, ਜ਼ਮੀਨ, ਪੌਦੇ ਜਾਂ ਹੋਰ ਚੀਜ਼ਾਂ, ਜਿਹਨਾਂ ਦੀ ਸਤ੍ਹਾ ਦਾ ਤਾਪਮਾਨ ਜੰਮਣ ਦੇ ਤਾਪਮਾਨ ਤੋਂ ਘੱਟ ਹੁੰਦਾ ਹੈ, ਉੱਪਰ ਬਰਫ਼ ਦੀ ਪਤਲੀ ਪਰਤ ਬਣ ਜਾਂਦੀ ਹੈ। ਸਤ੍ਹਾ ਤੋਂ ਉੱਪਰ ਹਵਾ ਦੇ ਤਾਪਮਾਨ ਦਾ ਕੋਰੇ ਦੇ ਪੈਣ ਜਾਂ ਨਾ ਪੈਣ ਉੱਪਰ ਕੋਈ ਪ੍ਰਭਾਵ ਨਹੀਂ ਪੈਂਦਾ। ਕੋਰਾ ਪੈਣ ਲਈ, ਸਤ੍ਹਾ ਦਾ ਤਾਪਮਾਨ ਪਾਣੀ ਦੇ ਜੰਮਣ ਦੇ ਤਾਪਮਾਨ ਦੇ ਬਰਾਬਰ ਜਾਂ ਇਸ ਤੋਂ ਘੱਟ ਹੋਣਾ ਚਾਹੀਦਾ ਹੈ।

**ਹਲਕਾ ਕੋਰਾ** : -1.7 ਡਿਗਰੀ ਸੈਲਸੀਅਸ ਤੋਂ 0.1 ਡਿਗਰੀ ਸੈਲਸੀਅਸ-ਨਾਜ਼ੁਕ ਪੌਦੇ ਮਰ ਜਾਂਦੇ ਹਨ ਪਰ ਬਾਕੀ ਬਨਸਪਤੀ ਦਾ ਕੋਈ ਜ਼ਿਆਦਾ ਨੁਕਸਾਨ ਨਹੀਂ ਹੁੰਦਾ।

**ਦਰਮਿਆਨੇ ਦਰਜੇ ਦਾ ਕੋਰਾ** : -3.9 ਡਿਗਰੀ ਸੈਲਸੀਅਸ ਤੋਂ 2.2 ਡਿਗਰੀ ਸੈਲਸੀਅਸ-ਜ਼ਿਆਦਾਤਰ ਬਨਸਪਤੀ ਦਾ ਕਾਫ਼ੀ ਨੁਕਸਾਨ ਹੋ ਜਾਂਦਾ ਹੈ। ਫ਼ਲਾਂ ਦੇ ਬੂਟਿਆਂ ਨੂੰ ਪੈਣ ਵਾਲੇ ਬੂਰ, ਨਾਜ਼ੁਕ ਅਤੇ ਅੱਧ-ਸਖਤ ਪੌਦਿਆਂ ਉੱਪਰ ਇਸ ਦਾ ਬਹੁਤ ਮਾੜੂ ਪ੍ਰਭਾਵ ਪੈਂਦਾ ਹੈ।

**ਗੰਭੀਰ ਕੋਰਾ** : 4.4 ਡਿਗਰੀ ਸੈਲਸੀਅਸ ਤੇ ਘੱਟ-ਜ਼ਿਆਦਾਤਰ ਪੌਦਿਆਂ ਦਾ ਭਾਰੀ ਨੁਕਸਾਨ ਹੁੰਦਾ ਹੈ।

## ਅਨੁਕੂਲ ਹਲਾਤ

ਪੰਜਾਬ ਵਿੱਚ ਕੋਰਾ ਸਿਰਫ ਦਸੰਬਰ, ਜਨਵਰੀ ਅਤੇ ਫ਼ਰਵਰੀ ਦੇ ਮਹੀਨਿਆਂ ਵਿੱਚ ਹੀ ਪੈਂਦਾ ਹੈ। ਇਨ੍ਹਾਂ ਮਹੀਨਿਆਂ ਵਿੱਚ ਵੀ, ਫ਼ਰਵਰੀ ਦੇ ਮਹੀਨੇ ਬਹੁਤ ਘੱਟ ਦਿਨਾਂ ਲਈ ਅਤੇ ਜਨਵਰੀ ਮਹੀਨੇ ਵਿੱਚ ਜ਼ਿਆਦਾ ਦਿਨ ਕੋਰਾ ਪੈਂਦਾ ਹੈ। ਸਾਫ਼ ਰਾਤਾਂ ਦੌਰਾਨ ਜਦੋਂ ਜ਼ਮੀਨ (ਸਤ੍ਹਾ) ਵਿੱਚੋਂ ਗਰਮੀ ਨਿਕਲਦੀ ਹੈ ਅਤੇ ਸਤ੍ਹਾ ਦਾ ਤਾਪਮਾਨ ਇਸ ਤੋਂ ਉੱਪਰਲੀ ਹਵਾ ਦੇ ਤਾਪਮਾਨ ਤੋਂ ਬਹੁਤ ਘੱਟ ਜਾਂਦਾ ਹੈ ਤਾਂ ਸਤ੍ਹਾ ਉੱਪਰ ਬਰਫ ਦੀ ਪਤਲੀ ਪਕੜ ਬਣ ਜਾਂਦੀ ਹੈ। ਹਾਲਾਂਕਿ, ਜੇਕਰ ਹਵਾ ਦਾ ਤਾਪਮਾਨ 0 ਅਤੇ 4 ਡਿਗਰੀ ਸੈਲਸੀਅਸ ਦੇ ਦਰਮਿਆਨ ਹੋਣ ਦੀ ਭਵਿੱਖਬਾਣੀ ਹੋਵੇ, ਹਵਾ ਵਿੱਚ ਕਾਫੀ ਨਮੀ ਮੌਜੂਦ ਹੋਵੇ ਅਤੇ ਹੋਰ ਸਥਿਤੀਆਂ ਵੀ ਅਨੁਕੂਲ ਹੋਣ ਤਾਂ ਜ਼ਮੀਨੀ ਕੋਰੇ ਦਾ ਖਤਰਾ ਵੱਧ ਹੁੰਦਾ ਹੈ। ਨਤੀਜਿਆਂ ਤੋਂ ਇਹ ਸਪੱਸ਼ਟ ਹੈ ਕਿ ਕੋਰੇ ਦਾ ਸਿੱਧਾ ਸੰਬੰਧ ਰਾਤ ਦੇ ਤਾਪਮਾਨ ਦੇ ਘੱਟ ਹੋਣ, ਹਲਕੀ ਜਾਂ ਖੜ੍ਹੀ ਹਵਾ, ਵਧੇਰੇ ਨਮੀ ਅਤੇ ਘੱਟ ਵਾਸ਼ਪੀਕਰਨ ਨਾਲ ਹੈ। ਇਨ੍ਹਾਂ ਪ੍ਰਸਥਿਤੀਆਂ ਵਿੱਚ ਕੋਰਾ ਪੈਣ ਦੀ ਸੰਭਾਵਨਾ ਵੱਧ ਜਾਂਦੀ ਹੈ।

## ਤੀਬਰਤਾ ਦਾ ਵਿਸ਼ਲੇਸ਼ਣ

ਲੰਬੇ ਸਮੇਂ ਦੌਰਾਨ ਕੋਰਾ ਦੇ ਦਿਨਾਂ ਦੀ ਗਿਣਤੀ ਅਤੇ ਕੋਰਾ ਪੈਣ ਦੀ ਤੀਬਰਤਾ ਪਤਾ ਲਗਾਉਣ ਲਈ, ਕੋਰੇ ਨੂੰ ਤਿੰਨ ਸ਼੍ਰੇਣੀਆਂ 0.1-1.0 ਡਿਗਰੀ ਸੈਲਸੀਅਸ, 1.1-2.0 ਡਿਗਰੀ ਸੈਲਸੀਅਸ ਤੇ 2.1-3.0 ਡਿਗਰੀ ਸੈਲਸੀਅਸ ਵਿੱਚ ਵੰਡ ਕੇ ਲੁਧਿਆਣਾ ਵਿੱਚ ਕੋਰੇ ਦੇ ਦਿਨਾਂ ਸੰਬੰਧੀ ਦਹਾਕੇਦਾਰ ਵਿਸ਼ਲੇਸ਼ਣ ਕੀਤਾ ਗਿਆ। ਵਿਸ਼ਲੇਸ਼ਣ ਤੋਂ ਸਪੱਸ਼ਟ ਤੌਰ 'ਤੇ ਪਤਾ ਚੱਲਿਆ ਕਿ ਪਿਛਲੇ ਦਹਾਕਿਆਂ ਦੌਰਾਨ ਕੋਰਾ ਪੈਣ ਵਾਲੇ ਦਿਨਾਂ ਦੀ ਗਿਣਤੀ ਵਿੱਚ ਇੱਕ ਵੱਡੀ ਗਿਰਾਵਟ ਆਈ ਹੈ। 1970 ਦੇ ਦਹਾਕੇ ਦੌਰਾਨ ਲੁਧਿਆਣਾ ਵਿੱਚ ਸਾਰੀਆਂ ਤਾਪਮਾਨ ਸ਼੍ਰੇਣੀਆਂ ਵਿੱਚ ਕੋਰੇ ਦੇ ਦਿਨਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਸੀ, ਜਿਸ ਤੋਂ ਇਹ ਪਤਾ ਚੱਲਦਾ ਹੈ ਕਿ ਇਸ ਦਹਾਕੇ ਦੌਰਾਨ ਰਾਤਾਂ ਹੁਣ ਦੇ ਮੁਕਾਬਲੇ ਵਧੇਰੇ ਸਰਦ ਸਨ। 21-30 ਡਿਗਰੀ ਸੈਲਸੀਅਸ ਤਾਪਮਾਨ ਵਿੱਚ ਕੋਰਾ ਸਭ ਤੋਂ ਵਧੇਰੇ (68 ਦਿਨ) ਦਿਨ ਪਿਆ ਜਿਸ ਤੋਂ ਪਤਾ ਚੱਲਿਆ ਕਿ ਜਦੋਂ ਠੰਢ ਦਾ ਪੱਧਰ ਦਰਮਿਆਨੇ ਦਰਜੇ ਦਾ ਸੀ, ਉਸ ਵੇਲੇ ਕੋਰਾ ਵਧੇਰੇ ਪਿਆ। ਹਾਲਾਂਕਿ 1980 ਦੇ ਦਹਾਕੇ ਦੌਰਾਨ ਕੋਰਾ ਪੈਣ ਦੇ ਦਿਨਾਂ ਵਿੱਚ ਕੁੱਝ ਕਮੀ ਆਈ ਪਰ ਇਹ ਦੇਖਿਆ ਗਿਆ ਕਿ ਇਸ ਦਹਾਕੇ ਵਿੱਚ ਵੀ ਕੋਰਾ ਪੈਂਦਾ ਰਿਹਾ ਅਤੇ ਸਾਰੀਆਂ ਤਾਪਮਾਨ ਸ਼੍ਰੇਣੀਆਂ ਵਿੱਚ ਸਰਦੀਆਂ ਦੌਰਾਨ ਠੰਢ ਪੈਣ ਦਾ ਰੁਝਾਨ ਜਾਰੀ ਰਿਹਾ।

1990 ਦੇ ਦਹਾਕੇ ਦੌਰਾਨ ਇਸ ਰੁਝਾਨ ਵਿੱਚ ਇੱਕ ਵੱਡੀ ਤਬਦੀਲੀ ਆਈ ਜਦੋਂ ਸਭ ਤੋਂ ਘੱਟ ਤਾਪਮਾਨ (0.1-1.0 ਡਿਗਰੀ ਸੈਲਸੀਅਸ) ਵਿੱਚ ਠੰਢ ਪੈਣ ਦੇ ਦਿਨ ਵਧ ਕੇ ਲਗਭਗ 45 ਹੋ ਗਏ, ਜਦੋਂ ਕਿ 2.1-3.0 ਡਿਗਰੀ ਸੈਲਸੀਅਸ ਤਾਪਮਾਨ ਸ਼੍ਰੇਣੀ ਵਿੱਚ ਠੰਢ ਪੈਣ ਦੇ ਦਿਨਾਂ ਦੀ ਗਿਣਤੀ ਵੀ ਘੱਟ ਕੇ ਲਗਭਗ ਇੰਨੀ ਹੀ ਰਹੀ। ਇਹ ਤਬਦੀਲੀ ਰਾਤ ਸਮੇਂ ਘੱਟੋ-ਘੱਟ ਤਾਪਮਾਨ ਵਿੱਚ ਆਈ ਵਿਭਿੰਨਤਾ ਨੂੰ ਦਰਸਾਉਂਦੀ ਹੈ ਜਿਸ ਵਿੱਚ ਦਰਮਿਆਨੀ ਪੱਧਰ ਦਾ ਕੋਰਾ ਪੈਂਦਾ ਹੈ ਪਰ ਰਾਤਾਂ ਜ਼ਿਆਦਾ ਠੰਢੀਆਂ ਹੁੰਦੀਆਂ ਹਨ। ਸੰਨ 2000 ਤੋਂ ਬਾਅਦ ਕੋਰੇ ਦੇ ਪੈਣ ਦੀ ਤੀਬਰਤਾ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ। ਸੰਨ 2000-2009 ਦੌਰਾਨ ਕੋਰਾ ਪੈਣ ਦੇ ਦਿਨਾਂ ਵਿੱਚ ਨਿਘਾਰ ਆਇਆ ਅਤੇ ਇਸ ਦੌਰਾਨ ਸਰਦੀਆਂ ਵਿੱਚ 15 ਤੋਂ 39 ਦਿਨ ਹੀ ਕੋਰਾ ਪਿਆ ਅਤੇ ਸੰਨ 2010-2019 ਦੌਰਾਨ ਇਸ ਵਿੱਚ ਹੋਰ ਗਿਰਾਵਟ ਆਈ। ਹਾਲ ਹੀ ਦੇ ਸਮੇਂ ਵਿੱਚ (2020-2024) ਵਿੱਚ ਇਹ ਦੇਖਿਆ ਗਿਆ ਕਿ ਸਰਦੀਆਂ ਵਿੱਚ ਸਿਰਫ 2-10 ਦਿਨਾਂ ਤੱਕ ਹੀ ਕੋਰਾ ਪਿਆ ਜਿਸ ਤੋਂ ਇਹ ਸਪੱਸ਼ਟ ਹੈ ਕਿ ਸਰਦ ਰਾਤਾਂ ਦੀ ਗਿਣਤੀ ਘੱਟ ਰਹੀ ਹੈ। ਇਸ ਲੰਬੇ ਸਮੇਂ ਦੀ ਗਿਰਾਵਟ ਦਾ ਕਾਰਨ ਖੇਤਰੀ ਜਲਵਾਯੂ ਤਪਸ਼, ਸ਼ਹਿਰੀਕਰਨ ਦੇ ਵਿਸਥਾਰ ਅਤੇ ਗਰਮੀ ਦੇ ਪ੍ਰਭਾਵ ਕਾਰਨ ਸਰਦੀਆਂ ਦੇ ਘੱਟੋ-ਘੱਟ ਤਾਪਮਾਨ ਵਿੱਚ ਵਾਧਾ ਹੁੰਦਾ ਹੈ ਜਿਸ ਕਾਰਨ ਸਰਦੀਆਂ ਵਿੱਚ ਰਾਤਾਂ ਪਹਿਲਾਂ ਦੇ ਮੁਕਾਬਲੇ ਥੋੜ੍ਹੀਆਂ ਨਿੱਘੀਆਂ ਰਹਿੰਦੀਆਂ ਹਨ।


## ਬਚਾਅ ਦੇ ਢੰਗ


**ਗੰਨਾ** : ਕੋਰੇ ਕਾਰਨ ਗੰਨੇ ਦੇ ਪੁੰਗਰਨ ਦੀ ਦਰ ਘੱਟ ਜਾਂਦੀ ਹੈ। ਇਸ ਲਈ ਗੰਨੇ ਦੀਆਂ ਉਨ੍ਹਾਂ ਕਿਸਮਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ ਜਿਹੜੀਆਂ ਕੋਰੇ ਦਾ ਟਾਕਰਾ ਕਰਨ ਦੇ ਸਮਰੱਥ ਹੋਣ ਅਤੇ ਫ਼ਸਲ ਨੂੰ ਕੋਰੇ ਦੀ ਮਾਰ ਤੋਂ ਬਚਾਉਣ ਲਈ ਦਸੰਬਰ ਅਤੇ ਜਨਵਰੀ ਦੌਰਾਨ ਹਲਕਾ ਪਾਣੀ ਦਿੰਦੇ ਰਹੋ। ਢੁੱਕਵੀਆਂ ਖਾਦਾਂ, ਸਿੰਚਾਈ ਅਤੇ ਪੌਦਿਆਂ ਦੀ ਸੁਰੱਖਿਆ ਦੇ ਹੋਰ ਉਪਰਾਲੇ ਵਰਤ ਕੇ ਸਿਹਤਮੰਦ ਫ਼ਸਲ ਉਗਾਓ, ਕਿਉਂਕਿ ਕਮਜ਼ੋਰ ਤੇ ਛੋਟੀ ਫ਼ਸਲ ਉੱਪਰ ਕੋਰੇ ਅਤੇ ਠੰਢ ਦਾ ਅਸਰ ਵਧੇਰੇ ਹੁੰਦਾ ਹੈ। ਜਿਹੜੀਆਂ ਫ਼ਸਲਾਂ ਡਿੱਗ ਜਾਂਦੀਆਂ ਹਨ ਉਨ੍ਹਾਂ ਉੱਪਰ ਕੋਰੇ ਦਾ ਬਹੁਤ ਜ਼ਿਆਦਾ ਅਸਰ ਹੁੰਦਾ ਹੈ। ਇਸ ਲਈ ਫ਼ਸਲ ਨੂੰ ਡਿੱਗਣ ਤੋਂ ਬਚਾਉਣਾ ਚਾਹੀਦਾ ਹੈ।

**ਬਰਸੀਮ** : ਬਹੁਤ ਜ਼ਿਆਦਾ ਤੇ ਕੋਰੇ ਵਾਲੇ ਦਿਨਾਂ ਵਿੱਚ ਬਰਸੀਮ ਦਾ ਵਾਧਾ ਰੁੱਕ ਜਾਂਦਾ ਹੈ। ਰਾਇਆ ਵਿੱਚ ਜੇਕਰ ਲੋੜ ਹੋਵੇ, ਤਾਂ ਫੁੱਲ ਆਉਣ 'ਤੇ ਦੂਜੀ ਸਿੰਚਾਈ ਦਿੱਤੀ ਜਾ ਸਕਦੀ ਹੈ। ਜੇਕਰ ਫ਼ਸਲ ਨੂੰ ਕੋਰੇ ਦੇ ਨੁਕਸਾਨ ਦਾ ਖਤਰਾ ਹੈ, ਤਾਂ ਦੂਜਾ ਪਾਣੀ ਸਮੇਂ ਤੋਂ ਪਹਿਲਾਂ ਵੀ ਦਿੱਤਾ ਜਾ ਸਕਦਾ ਹੈ।

**ਅੰਬ** : ਅੰਬ ਦੇ ਬੂਟਿਆਂ ਨੂੰ ਕੋਰੇ ਤੋਂ ਬਚਾਉਣ ਲਈ ਸਰਕੰਡੇ ਦਾ ਆਸਰਾ ਕਰਨਾ ਚਾਹੀਦਾ ਹੈ।

**ਲੀਚੀ** : ਲੀਚੀ ਦੇ ਵੱਧ ਰਹੇ ਬੂਟਿਆਂ ਨੂੰ 4-5 ਸਾਲ ਤੱਕ ਕੋਰੇ ਦੇ ਪ੍ਰਕੋਪ ਤੋਂ ਬਚਾਅ ਕੇ ਰੱਖਣਾ ਚਾਹੀਦਾ ਹੈ। ਕੋਰੇ ਤੋਂ ਬਚਾਉਣ ਲਈ ਬੂਟਿਆਂ ਨੂੰ ਸਰਕੰਡੇ ਨਾਲ ਢੱਕ ਕੇ ਰੱਖੋ। ਲੀਚੀ ਦੇ ਬੂਟਿਆਂ ਦੇ ਆਲੇ-ਦੁਆਲੇ ਢੈਂਚੇ ਦੀ ਕਾਸ਼ਤ ਕਰਨ ਨਾਲ ਇਹਨਾਂ ਬੂਟਿਆਂ ਨੂੰ ਠੰਢ ਤੋਂ ਬਚਾਇਆ ਜਾ ਸਕਦਾ ਹੈ।





# ਪੇਸਟੇ ਡੇਸ ਪੇਟਾਈਟਿਸ ਰੂਮੀਨੈਂਟਸ

## ਭੇਡਾਂ ਅਤੇ ਬੱਕਰੀਆਂ ਦਾ ਇੱਕ ਜਾਨਲੇਵਾ ਰੋਗ

ਡਾ. ਸਾਹਿਲ ਕੁਮਾਰ
ਡਾ. ਗੁਰਲਾਲ ਸਿੰਘ ਗਿੱਲ
ਮੋਬਾਇਲ : 95014-95800

ਪੀ. ਪੀ. ਆਰ. (ਪੇਸਟੇ ਡੇਸ ਪੇਟਾਈਟਿਸ ਰੂਮੀਨੈਂਟਸ) ਭੇਡਾਂ ਅਤੇ ਬੱਕਰੀਆਂ ਵਿੱਚ ਛੂਤ ਦੀ ਇੱਕ ਬਹੁਤ ਘਾਤਕ ਬਿਮਾਰੀ ਹੈ । ਆਮ ਭਾਸ਼ਾ ਵਿੱਚ ਇਸ ਨੂੰ ਬੱਕਰੀ ਪਲੇਗ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ । ਇਹ ਬਿਮਾਰੀ ਮੋਰਬਿਲੀ ਵਾਇਰਸ ਨਾਮਕ ਵਿਸ਼ਾਣੂੰ ਕਾਰਨ ਹੁੰਦੀ ਹੈ ਅਤੇ ਗਾਂਵਾਂ ਦੇ ਬਹੁਤ ਹੀ ਘਾਤਕ ਰੋਗ ਰਿੰਡਰਪੈਸਟ ਨਾਲ ਮਿਲਦੀ-ਜੁਲਦੀ ਹੈ । ਭੇਡਾਂ ਅਤੇ ਬੱਕਰੀਆਂ ਮੁੱਖ ਸੰਵੇਦਨਸ਼ੀਲ ਸਪੀਸੀਜ਼ ਹਨ, ਪਰ ਗਾਂਵਾਂ ਵਿੱਚ ਇਹ ਰੋਗ ਘੱਟ ਗੰਭੀਰ (Sub-clinical) ਰੂਪ ਵਿੱਚ ਦੇਖਣ ਨੂੰ ਮਿਲਦਾ ਹੈ । ਬੱਕਰੀਆਂ ਇਸ ਬਿਮਾਰੀ ਲਈ ਭੇਡਾਂ ਤੋਂ ਜ਼ਿਆਦਾ ਸੰਵੇਦਨਸ਼ੀਲ ਪ੍ਰਜਾਤੀ ਹੈ ਅਤੇ ਇਹਨਾਂ ਵਿੱਚ ਮੁੱਖ ਤੌਰ ਤੇ ਬਿਮਾਰੀ ਦੀ ਗੰਭੀਰ ਕਿਸਮ ਹੀ ਦੇਖਣ ਨੂੰ ਮਿਲਦੀ ਹੈ ਜੋ ਕਿ ਰਿੰਡਰਪੈਸਟ ਰੋਗ ਵਾਂਗ ਹੀ ਘਾਤਕ ਹੈ । ਇਸ ਬਿਮਾਰੀ ਦੇ ਇੱਕ ਵਾਰ ਆ ਜਾਣ ਤੇ ਇਹ ਬੱਕਰੀਆਂ ਅਤੇ ਭੇਡਾਂ ਵਿੱਚ ਉਹਨਾਂ ਦੀ ਮੌਤ ਦਾ ਕਾਰਨ ਬਣਦੀ ਹੈ ਅਤੇ ਨਾਲ ਹੀ ਪੂਰੇ ਝੁੰਡ ਨੂੰ ਵੀ ਪ੍ਰਭਾਵਿਤ ਕਰਦੀ ਹੈ, ਜਿਸ ਕਾਰਨ ਬੱਕਰੀ ਅਤੇ ਭੇਡ ਪਾਲਕਾਂ ਨੂੰ ਭਾਰੀ ਆਰਥਿਕ ਨੁਕਸਾਨ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ।

### ਇਹ ਬਿਮਾਰੀ ਕਿਵੇਂ ਫੈਲਦੀ ਹੈ ?

★ ਇਹ ਵਿਸ਼ਾਣੂੰ ਬਿਮਾਰ ਬੱਕਰੀਆਂ ਦੇ ਮੱਲ, ਅੱਖਾਂ ਵਿੱਚੋਂ ਵਗਦੇ ਪਾਣੀ, ਨੱਕ ਵਿੱਚੋਂ ਵਗਦਾ ਰੇਸ਼ਾ, ਮੂੰਹ ਦੀ ਲਾਰ ਵਿੱਚ ਮੌਜੂਦ ਹੁੰਦਾ ਹੈ । ਤੰਦਰੁਸਤ ਜਾਨਵਰਾਂ ਦਾ ਪੀੜਿਤ ਪਸ਼ੂ ਦੇ ਉਪਰੋਕਤ ਤਰਲ ਪਦਾਰਥਾਂ ਦੇ ਸੰਪਰਕ ਵਿੱਚ ਆਉਣ ਕਾਰਨ ।

★ ਛਿੱਕਣ ਅਤੇ ਖੰਘਣ ਦੌਰਾਨ ਉਤਪੰਨ ਹੋਏ ਐਰੋਸੋਲਸ ਵੀ ਇਸ ਬਿਮਾਰੀ ਨੂੰ ਫੈਲਾਉਣ ਦਾ ਕਾਰਨ ਬਣਦੇ ਹਨ ।

★ ਬਿਨਾਂ ਕਿਸੇ ਕੁਆਰੰਟੀਨ ਉਪਾਵਾਂ ਦੇ ਨਵੇਂ ਖਰੀਦੇ ਜਾਨਵਰਾਂ ਰਾਹੀਂ ਵੀ ਇਹ ਬਿਮਾਰੀ ਫੈਲਦੀ ਹੈ ।

### ਲੱਛਣ

ਇਹ ਬਿਮਾਰੀ ਦੀਆਂ ਮੁੱਖ ਤੌਰ ਤੇ ਦੋ ਕਿਸਮਾਂ ਹਨ :

ਗੰਭੀਰ (Acute) ਅਤੇ ਘੱਟ ਗੰਭੀਰ (Sub-Acute) ਕਿਸਮ ।

### ਗੰਭੀਰ ਕਿਸਮ (Acute)

ਪੀ. ਪੀ. ਆਰ. ਦੀ ਇਹ ਕਿਸਮ ਮੁੱਖ ਤੌਰ ਤੇ ਬੱਕਰੀਆਂ ਵਿੱਚ ਦੇਖਣ ਨੂੰ ਮਿਲਦੀ ਹੈ ਅਤੇ ਇਸ ਕਿਸਮ ਵਿੱਚ ਹੇਠ ਲਿਖੇ ਲੱਛਣ ਦੇਖਣ ਨੂੰ ਮਿਲਦੇ ਹਨ ।

★ ਪਸ਼ੂਆਂ ਵਿੱਚ ਤਾਪਮਾਨ ਦਾ ਵੱਧ ਜਾਣਾ ($104-106^{\circ}F$)

★ ਨੱਕ ਰਾਹੀਂ ਰੇਸ਼ਾ ਆਉਣਾ ਜੋ ਕਿ ਪਹਿਲਾਂ ਪਾਣੀ ਵਾਂਗ (Serous nasal discharge) ਅਤੇ ਬਾਅਦ ਵਿੱਚ ਸੰਘਣਾ ਹੋ ਜਾਂਦਾ ਹੈ (Mucopurulent nasal discharge)

★ ਖਾਂਸੀ ਤੇ ਛਿੱਕਾਂ ਆਉਣਾ

★ ਅੱਖਾਂ ਵਿੱਚੋਂ ਪਾਣੀ ਵੱਗਣਾ

★ ਪਸ਼ੂ ਖਾਣ-ਪੀਣ ਛੱਡ ਦਿੰਦਾ ਹੈ

★ ਮੋਕ ਲੱਗਣੀ

★ ਮੂੰਹ ਪੱਕਣਾ

★ ਨੱਕ, ਮਸੂੜਿਆਂ, ਤਾਲੂ ਅਤੇ ਜੀਭ ਉੱਤੇ ਛਾਲੇ ਅਤੇ ਜ਼ਖ਼ਮ ਹੋ ਜਾਂਦੇ ਹਨ

★ ਗੱਭਣ ਪਸ਼ੂਆਂ ਵਿੱਚ ਗਰਭਪਾਤ ਹੋ ਜਾਣਾ

★ ਬਿਮਾਰੀ ਦੇ ਅਖੀਰਲੇ ਪੜਾਅ ਵਿੱਚ ਪਸ਼ੂ ਦਾ ਤਾਪਮਾਨ ਘੱਟ ਜਾਂਦਾ ਹੈ ਅਤੇ ਮੌਤ ਵੀ ਹੋ ਸਕਦੀ ਹੈ ।

### ਘੱਟ ਗੰਭੀਰ (Sub-Acute) ਕਿਸਮ

ਬਿਮਾਰੀ ਦੀ ਇਹ ਕਿਸਮ ਵਧੇਰੇ ਤੌਰ ਤੇ ਭੇਡਾਂ ਵਿੱਚ ਦੇਖਣ ਨੂੰ ਮਿਲਦੀ ਹੈ ਅਤੇ ਇਸ ਕਿਸਮ ਵਿੱਚ ਲੱਛਣ ਘੱਟ ਗੰਭੀਰ ਹੁੰਦੇ ਹਨ ਅਤੇ ਬਿਮਾਰ ਜਾਨਵਰ ਦੋ ਹਫ਼ਤੇ ਦੇ ਅੰਦਰ-ਅੰਦਰ ਠੀਕ ਹੋ ਜਾਂਦੇ ਹਨ ।

### ਬਿਮਾਰੀ ਦੀ ਪਛਾਣ

★ ਭੇਡਾਂ ਅਤੇ ਬੱਕਰੀਆਂ ਵਿੱਚ ਉਪਰੋਕਤ ਦਰਸਾਏ ਗਏ ਲੱਛਣਾਂ ਰਾਹੀਂ ।

★ ਸੰਵੇਦਨਸ਼ੀਲ ਜਾਨਵਰਾਂ ਵਿੱਚ ਵੈਕਸ਼ੀਨੇਸ਼ਨ ਦਾ ਨਾ ਹੋਣਾ ।

★ ਪ੍ਰਯੋਗਸ਼ਾਲਾ ਟੈਸਟ ਜਿਵੇਂ ਕਿ S-ELISA ।

★ ਇਸ ਬਿਮਾਰੀ ਨੂੰ ਹੋਰ ਰੋਗ ਜਿਹਨਾਂ ਵਿੱਚ ਸਮਾਨ ਲੱਛਣ ਦੇਖਣ ਨੂੰ ਮਿਲਦੇ ਹਨ ਜਿਵੇਂ ਕਿ ਕੋਕਸੀਡਿਓਸਿਸ, ਮਾਈਕੋਪਲਾਜ਼ਮਾ ਨਮੂਨਿਆਂ ਅਤੇ ORF ਤੋਂ ਵੱਖਰਾ ਕਰਨ ਦੀ ਲੋੜ ਹੁੰਦੀ ਹੈ ।

### ਇਲਾਜ

ਵਿਸ਼ਾਣੂੰ ਰੋਗ ਹੋਣ ਕਰਕੇ ਇਸ ਬਿਮਾਰੀ ਦਾ ਕੋਈ ਪੱਕਾ ਇਲਾਜ ਨਹੀਂ ਹੈ ਅਤੇ ਬਿਮਾਰ ਪਸ਼ੂ ਦਾ ਬਿਮਾਰੀ ਦੇ ਲੱਛਣਾਂ ਅਨੁਸਾਰ ਇਲਾਜ ਕੀਤਾ ਜਾਂਦਾ ਹੈ । ਇਸ ਬਿਮਾਰੀ ਦਾ ਸ਼ੱਕ ਹੋਣ ਤੇ ਜਲਦੀ ਤੋਂ ਜਲਦੀ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ ।

### ਬਚਾਅ ਅਤੇ ਰੋਕਥਾਮ



★ ਬਿਮਾਰੀ ਦਾ ਸ਼ੱਕ ਹੋਣ ਤੇ ਜਲਦੀ ਤੋਂ ਜਲਦੀ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ ਅਤੇ ਬਿਮਾਰ ਜਾਨਵਰਾਂ ਨੂੰ ਤੰਦਰੁਸਤ ਪਸ਼ੂਆਂ ਤੋਂ ਵੱਖਰਾ ਕਰ ਦੇਣਾ ਚਾਹੀਦਾ ਹੈ ।

★ ਕਿਸੇ ਵੀ ਨਵੇਂ ਖਰੀਦੇ ਜਾਨਵਰ ਨੂੰ ਬਿਨ੍ਹਾਂ ਕੁਆਰੰਟੀਨ ਉਪਾਵਾਂ ਦੇ ਤੰਦਰੁਸਤ ਪਸ਼ੂਆਂ ਵਿੱਚ ਨਹੀਂ ਮਿਲਾਉਣਾ ਚਾਹੀਦਾ ।

★ ਸੰਵੇਦਨਸ਼ੀਲ ਜਾਨਵਰਾਂ ਵਿੱਚ ਹਰ ਤਿੰਨ ਸਾਲਾਂ ਵਿੱਚ ਵੈਕਸ਼ੀਨੇਸ਼ਨ ਕਰਾਉਣਾ ਅਤੇ ਵੈਕਸੀਨ ਦੀ ਕੋਲਡ ਚੇਨ ਬਣਾਈ ਰੱਖਣਾ ਬਹੁਤ ਮਹੱਤਵਪੂਰਨ ਹੈ । ਪਸ਼ੂ ਪਾਲਣ ਵਿਭਾਗ, ਪੰਜਾਬ ਦੁਆਰਾ ਇਹ ਟੀਕਾ 1 ml ਡੋਜ਼ ਰਾਹੀਂ ਚਮੜੀ ਹੇਠਾਂ ਸਮੇਂ-ਸਮੇਂ ਤੇ ਲਗਾਇਆ ਜਾਂਦਾ ਹੈ ।

★ ਪਸ਼ੂਆਂ ਦੇ ਸ਼ੈੱਡ ਪ੍ਰਵੇਸ਼ ਤੇ ਫੁੱਟਬਾਥ ਦੀ ਮੌਜੂਦਗੀ ਹੋਣੀ ਜ਼ਰੂਰੀ ਹੈ ।

★ ਪਸ਼ੂਆਂ ਦੀ ਸਮੇਂ-ਸਮੇਂ ਤੇ ਡੀਵਰਮਿੰਗ ਕਰਨੀ ਚਾਹੀਦੀ ਹੈ ।

★ ਬਮਾਰੀ ਦੇ ਫੈਲਣ ਦੀ ਸੂਰਤ ਵਿੱਚ ਬੱਕਰੀ ਮੰਡੀਆਂ ਜਾਂ ਮੇਲਿਆਂ ਵਿੱਚ ਆਵਾਜਾਈ ਨੂੰ ਸੀਮਿਤ ਕਰਨਾ ਚਾਹੀਦਾ ਹੈ ।



# ਸਰਦੀਆਂ ਵਿੱਚ ਮੁਰਗੀਆਂ ਦੀ ਸੰਭਾਲ

ਸਰਦੀਆਂ ਵਿੱਚ ਜਦੋਂ ਤਾਪਮਾਨ ਕਾਫੀ ਘੱਟ ਜਾਂਦਾ ਹੈ ਤਾਂ ਮੁਰਗੀਆਂ ਵਿੱਚ ਭਾਰ ਦਾ ਘੱਟ ਵੱਧਣਾ, ਅੰਡੇ ਦੇ ਉਤਪਾਦਨ ਵਿੱਚ ਕਮੀ, ਪਾਣੀ ਪੀਣ ਦੀ ਮਾਤਰਾ ਵਿੱਚ ਕਮੀ, ਅੰਡੇ ਦੀ ਉਪਜਾਊ ਸ਼ਕਤੀ ਅਤੇ ਹੈਚੇਬਿਲਟੀ ਵਿੱਚ ਕਮੀ, ਮੌਤ ਦਰ ਵਿੱਚ ਵਾਧਾ ਆਦਿ ਕਈ ਸਮੱਸਿਆਵਾਂ ਪੈਦਾ ਹੁੰਦੀਆਂ ਹਨ ।

★ ਮੁਰਗੀਖਾਨੇ ਨੂੰ ਇਸ ਤਰ੍ਹਾਂ ਡਿਜ਼ਾਇਨ ਕੀਤਾ ਜਾਣਾ ਚਾਹੀਦਾ ਹੈ ਕਿ ਸਰਦੀਆਂ ਵਿੱਚ ਦਿਨ ਦੇ ਸਮੇਂ ਵੱਧ ਤੋਂ ਵੱਧ ਸੂਰਜ ਦੀ ਰੌਸ਼ਨੀ ਸ਼ੈੱਡ ਵਿੱਚ ਦਾਖਲ ਹੋਵੇ । ਇਸ ਲਈ ਲੰਬੇ ਧੁਰੇ ਤੋਂ ਸ਼ੈੱਡ ਦੀ ਦਿਸ਼ਾ ਪੂਰਬ-ਪੱਛਮ ਵੱਲ ਰੱਖਣੀ ਚਾਹੀਦੀ ਹੈ ।

★ ਪੰਛੀਆਂ ਨੂੰ ਠੰਡੀਆਂ ਹਵਾਵਾਂ ਤੋਂ ਬਚਾਉਣਾ ਚਾਹੀਦਾ ਹੈ, ਇਸ ਲਈ ਪੱਲੀਆਂ ਅਤੇ ਪਲਾਸਟਿਕ ਸ਼ੀਟਾਂ ਨੂੰ ਉਨ੍ਹਾਂ ਥਾਵਾਂ ਤੇ ਲਟਕਾਇਆ ਜਾਣਾ ਚਾਹੀਦਾ ਹੈ ਜਿੱਥੋਂ ਠੰਡੀ ਹਵਾ ਸ਼ੈਡ ਅੰਦਰ ਆਉਂਦੀ ਹੈ ।

★ ਪੰਛੀ ਆਪਣਾ ਸਾਹ ਅਤੇ ਵਿੱਠਾਂ ਵਿੱਚ ਬਹੁਤ ਜ਼ਿਆਦਾ ਨਮੀਂ ਛੱਡਦੇ ਹਨ ਜੋ ਉਨ੍ਹਾਂ ਦੀ ਸਿਹਤ ਤੇ ਮਾੜਾ ਪ੍ਰਭਾਵ ਪਾਉਂਦੇ ਹਨ, ਜੇਕਰ ਸੀਮਤ ਹਵਾਦਾਰੀ ਹੈ ਤਾਂ ਇਹ ਸ਼ੈਡ ਦੀ ਹਵਾ ਵਿੱਚ ਅਮੋਨੀਆ ਇਕੱਠਾ ਹੋਣ ਦਾ ਕਾਰਨ ਬਣਦੀ ਹੈ ਜਿਸ ਨਾਲ ਸਾਹ ਦੀਆਂ ਸਮੱਸਿਆਵਾਂ ਹੁੰਦੀਆਂ ਹਨ । ਸੋ ਪੰਛੀਆਂ ਨੂੰ ਤਾਜ਼ੀ ਹਵਾ ਦੀ ਲੋੜ ਹੁੰਦੀ ਹੈ । ਇਸ ਵਾਸਤੇ ਸਲਾਈਡਿੰਗ ਖਿੜਕੀਆਂ ਲਾਭਦਾਇਕ ਹਨ ਕਿਉਂਕਿ ਉਨ੍ਹਾਂ ਨੂੰ ਦਿਨ ਵੇਲੇ ਖੋਲਣਾ ਅਤੇ ਰਾਤ ਵੇਲੇ ਬੰਦ ਕਰਨਾ ਔਖਾ ਹੁੰਦਾ ਹੈ ।

★ ਸ਼ੈਡ ਅੰਦਰ ਚੰਗੀ ਗੁਣਵੱਤਾ ਵਾਲੀ ਸੁੱਕ ਇੱਕ 6-7 ਇੰਚ ਮੋਟੀ ਤਹਿ ਦੇ ਰੂਪ ਵਿੱਚ ਵਿਛਾਈ ਜਾਵੇ ਜਿਹੜੀ ਕਿ ਪੰਛੀਆਂ ਨੂੰ ਨਿੱਘ ਦੇਣ ਵਿੱਚ ਸਹਾਈ ਹੋਵੇ । ਸੁੱਕ ਨੂੰ ਸਹੀ ਰੱਖਣ ਲਈ ਉੱਪਰ ਥੱਲੇ ਕਰਦੇ ਰਹੋ ਅਤੇ ਸਰਦੀਆਂ ਵਿੱਚ ਹਫਤੇ ਬਾਅਦ ਸੁੱਕ ਨੂੰ ਬਦਲ ਦਿਉ । ਵਿਛਾਉਣਾ ਜਾਂ ਸੁੱਕ ਨੂੰ ਸੁੱਕੇ ਰੱਖਣ ਨਾਲ ਬਿਮਾਰੀਆਂ ਦੀ ਸੰਭਾਵਨਾ ਘੱਟ ਜਾਂਦੀ ਹੈ । ਵੱਖ-ਵੱਖ ਉਮਰ ਦੇ ਚੂਜੇ ਅਤੇ ਮੁਰਗੀਆਂ ਨੂੰ ਵੱਖ ਰੱਖੋ ।

★ ਚੂਚੇ ਆਉਣ ਤੋਂ ਪਹਿਲਾਂ ਮੁਰਗੀਖਾਨੇ ਨੂੰ ਚੰਗੀ ਤਰ੍ਹਾਂ ਸਾਫ ਕਰਨਾ ਜ਼ਰੂਰੀ ਹੁੰਦਾ ਹੈ, ਜਰਾਸੀਮਾਂ ਦੀ ਗਿਣਤੀ ਨੂੰ ਕਾਬੂ ਕਰਨ ਲਈ ਕੀਟਨਾਸ਼ਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ ।

★ ਸਰਦੀਆਂ ਵਿੱਚ ਸੁੱਕੀ ਸਫਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ । ਆਸੇ ਪਾਸੇ ਦਾ ਸਾਫ ਵਾਤਾਵਰਣ ਅਤੇ ਲਗਾਤਾਰ ਸਫਾਈ ਰੱਖਣ ਨਾਲ ਰੋਗਾਂ ਦੇ ਪਰਕੋਪ ਨੂੰ ਘਟਾਇਆ ਜਾ ਸਕਦਾ ਹੈ । ਇਸ ਲਈ ਮੁਰਗੀਖਾਨੇ ਵਿਚਲੇ ਬਰਤਨ ਅਤੇ ਹੋਰ ਸਮਾਨ ਆਦਿ ਬਿਲਕੁਲ ਸਾਫ ਰੱਖੋ ਅਤੇ ਅਕਸਰ ਮੁਰਗੀਖਾਨੇ ਦੀ ਸਫਾਈ ਕਰਵਾਉਂਦੇ ਰਹੋ ।

★ ਪੋਲਟਰੀ ਸ਼ੈਡ ਵਿੱਚ ਗਰਮੀ ਬਣਾਈ ਰੱਖਣ ਲਈ ਰਵਾਇਤੀ ਬੁਖਾਰੀ ਜਾਂ ਹੀਟਰ ਲਗਾਉਣੇ ਜ਼ਰੂਰੀ ਹਨ । ਸਰਦੀਆਂ ਵਿੱਚ ਸ਼ੈਡ ਅੰਦਰ ਰੌਸ਼ਨੀ ਦਾ ਪ੍ਰਬੰਧ ਵੀ ਜ਼ਰੂਰੀ ਹੈ ਕਿਉਂਕਿ ਪੰਛੀਆਂ ਨੂੰ 16 ਘੰਟੇ ਦੀ ਰੌਸ਼ਨੀ ਚਾਹੀਦੀ ਹੈ ਅਤੇ 200 ਵਾਟ ਦੇ ਬੱਲਬਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ ।

★ ਪੰਛੀਆਂ ਨੂੰ ਸੰਤੁਲਿਤ ਅਤੇ ਸਿਹਤਮੰਦ ਫੀਡ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ । ਕਿਉਂਕਿ ਘੱਟ ਤਾਪਮਾਨ ਵਧੇਰੇ ਖੁਰਾਕ ਦੀ ਮਾਤਰਾ ਅਤੇ ਵੱਧ ਆਕਸੀਜਨ ਦੀ ਮੰਗ ਦਾ ਕਾਰਨ ਬਣਦਾ ਹੈ ।

★ ਖੁਰਾਕ ਨੂੰ ਸੁੱਕੀ ਜਗ੍ਹਾ ਵਿੱਚ ਸਟੋਰ ਕਰੋ ਤਾਂ ਜੋ ਇਹ ਨਮੀਂ ਦੇ ਸੰਪਰਕ ਵਿੱਚ ਨਾ ਆਵੇ ।

★ ਸਰਦੀਆਂ ਵਿੱਚ ਪੰਛੀਆਂ ਨੂੰ ਫੈਟ/ਚਰਬੀ ਨਾਲ ਭਰਪੂਰ ਖੁਰਾਕ ਪ੍ਰਦਾਨ ਕਰੋ । ਸਰਦੀਆਂ ਵਿੱਚ ਗਰਮੀਆਂ ਦੇ ਮੁਕਾਬਲੇ ਫੀਡਰਾਂ ਦੀ ਗਿਣਤੀ ਵਧਾਈ ਜਾਣੀ ਚਾਹੀਦੀ ਹੈ ਅਤੇ ਸਾਰਾ ਦਿਨ ਫੀਡ ਉਪਲੱਬਧ ਹੋਣੀ ਚਾਹੀਦੀ ਹੈ ।

★ ਸਰਦੀਆਂ ਦੇ ਮੌਸਮ ਵਿੱਚ ਪੰਛੀ ਪਾਣੀ ਘੱਟ ਲੈਂਦੇ ਹਨ ਸੋ ਧਿਆਨ ਦਿਉ ਕਿ ਤਾਜ਼ੇ ਪਾਣੀ ਦੀ ਸਪਲਾਈ ਬਣੀ ਰਹੇ ਅਤੇ ਜੇ ਪਾਣੀ ਠੰਡਾ ਹੈ ਤਾਂ ਉਸਨੂੰ ਗਰਮ ਜਾਂ ਨਿੱਘਾ ਕਰ ਦੇਣਾ ਚਾਹੀਦਾ ਹੈ । ਬਹੁਤ ਸਾਰੇ ਟੀਕੇ/ਵੈਕਸੀਨ, ਦਵਾਈਆਂ ਅਤੇ ਵਿਟਾਮਿਨ ਪਾਣੀ ਰਾਹੀਂ ਮੁਰਗੀਆਂ ਨੂੰ ਦਿੱਤੇ ਜਾਂਦੇ ਹਨ । ਕਿਉਂਕਿ ਸਰਦੀਆਂ ਦੇ ਮੌਸਮ ਵਿੱਚ ਪੰਛੀਆਂ ਦੀ ਪਾਣੀ ਦੀ ਖਪਤ ਘੱਟਦੀ ਹੈ, ਸੋ ਪਾਣੀ ਦੀ ਦਵਾਈ ਤੋਂ ਕੁੱਝ ਘੰਟੇ ਪਹਿਲਾਂ ਪਾਣੀ ਵਾਲੇ ਬਰਤਨ ਹਟਾ ਦਿਉ । ਫਿਰ ਦਵਾਈ ਅਤੇ ਟੀਕਾ ਘੱਟ ਪਾਣੀ ਵਿੱਚ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਪੰਛੀ ਸਾਰਾ ਪਾਣੀ ਪੀ ਲੈਣ ਅਤੇ ਹਰੇਕ ਪੰਛੀ ਨੂੰ ਦਵਾਈ ਅਤੇ ਹੋਰ ਪੂਰਕਾਂ ਦਾ ਲਾਭ ਮਿਲ ਸਕੇ ।

★ ਪੰਛੀਆਂ ਦੀ ਟੀਕਾਕਰਣ ਸਥਿਤੀ ਦਾ ਵੀ ਧਿਆਨ ਰੱਖੋ ਅਤੇ ਲੋੜ ਪੈਣ ਤੇ ਜ਼ਰੂਰੀ ਟੀਕਾਕਰਣ ਕਰੋ । ਜੇ ਪੰਛੀ ਬਿਮਾਰ ਹੋ ਜਾਂਦੇ ਹਨ ਤਾਂ ਸਥਾਨਕ ਪਸ਼ੂਆਂ ਦੇ ਡਾਕਟਰ ਨਾਲ ਸੰਪਰਕ ਕਰੋ ।

ਮਧੂ ਸ਼ੈਲੀ ਅਤੇ ਗੁਰਅੰਸ਼ਪ੍ਰੀਤ ਸੇਠੀ,
ਡਾਇਰੈਕਟੋਰੇਟ ਪਸਾਰ ਸਿੱਖਿਆ
(ਮੋ. 96434-42427

# ਜ਼ਰੂਰੀ ਹੈ, 'ਕਿਸਾਨ ਨਿਧੀ' ਦੀ ਰਾਸ਼ੀ ਵਿੱਚ ਵਾਧਾ ਕਰਨਾ



ਡਾ: ਸ. ਸ. ਛੀਨਾ

ਗੁਰਦਾਸਪੁਰ ਜ਼ਿਲ੍ਹੇ ਦੇ ਇੱਕ ਕਿਸਾਨ ਲੀਡਰ ਨਾਲ ਗੱਲਬਾਤ ਦੌਰਾਨ ਮੈਂ ਇਹ ਵਿਚਾਰ ਪ੍ਰਗਟ ਕੀਤਾ ਕਿ ਇਸ ਕੇਂਦਰੀ ਬਜਟ ਵਿੱਚ 'ਕਿਸਾਨ ਨਿਧੀ' ਦੀ ਰਕਮ 6,000 ਰੁਪਏ ਸਾਲਾਨਾ ਤੋਂ ਵਧਾ ਕੇ 18,000 ਰੁਪਏ ਕਰ ਦੇਣੀ ਚਾਹੀਦੀ ਹੈ, ਜਿਸ ਨਾਲ ਕ੍ਰਿਸਾਨੀ ਲਈ ਰੱਖੇ 10 ਲੱਖ ਕਰੋੜ ਦੇ ਬਜਟ ਵਿੱਚੋਂ ਸਿਰਫ਼ 3 ਲੱਖ ਕਰੋੜ ਦੇ ਕਰੀਬ ਹੀ ਵਰਤੇ ਜਾਣਗੇ, ਤਾਂ ਉਸ ਦਾ ਜਵਾਬ ਜੋ ਦਰਅਸਲ ਸਵਾਲ ਸੀ ਕਿ, ਕੀ ਇਸ ਨਾਲ ਕਿਸਾਨੀ ਦੇ ਸਭ ਮਸਲੇ ਹੱਲ ਹੋ ਜਾਣਗੇ । ਉਸ ਦਾ ਸਵਾਲ ਬਿਲਕੁਲ ਢੁਕਵਾਂ ਸੀ, ਜਿਸ ਦਾ ਮੇਰੇ ਕੋਲ ਕੋਈ ਉੱਤਰ ਨਹੀਂ ਸੀ । ਅਸਲ ਵਿੱਚ ਭਾਰਤ ਵਸੋਂ ਦੇ ਵੱਡੇ ਭਾਰ ਹੇਠ ਹੋਣ ਕਰਕੇ ਜ਼ਮੀਨ ਦੀ ਵੰਡ ਦਰ ਵੰਡ ਹੁੰਦੀ ਜਾ ਰਹੀ ਹੈ, ਜਿਸ ਕਰਕੇ ਕੋਈ 80 ਫ਼ੀਸਦੀ ਦੇ ਕਰੀਬ ਖੇਤੀ ਜੋਤਾਂ ਤਾਂ 2 ਏਕੜ ਤੋਂ ਵੀ ਘੱਟ ਰਕਬੇ ਵਾਲੀਆਂ ਹਨ ਜਿਸ ਵਿੱਚ ਉਨ੍ਹਾਂ ਪਰਿਵਾਰਾਂ ਦਾ ਜੀਵਨ ਨਿਰਬਾਹ ਵੀ ਮੁਸ਼ਕਿਲ ਹੈ । ਦੇਸ਼ ਦੀ 60 ਫ਼ੀਸਦੀ ਵਸੋਂ ਪ੍ਰਤੱਖ ਜਾਂ ਅਪ੍ਰਤੱਖ ਤੌਰ 'ਤੇ ਖੇਤੀ 'ਤੇ ਨਿਰਭਰ ਕਰਦੀ ਹੈ, ਹਾਲਾਂਕਿ ਉਸ ਦਾ ਦੇਸ਼ ਦੇ ਕੁੱਲ ਘਰੇਲੂ ਉਤਪਾਦਨ (ਜੀ. ਡੀ. ਪੀ.) ਵਿੱਚ ਹਿੱਸਾ ਸਿਰਫ਼ 14 ਫ਼ੀਸਦੀ ਹੈ । ਜਦੋਂ ਕਿ ਬਾਕੀ ਦੀ 40 ਫ਼ੀਸਦੀ ਵਸੋਂ ਦੇ ਹਿੱਸੇ 86 ਫ਼ੀਸਦੀ ਜੀ. ਡੀ. ਪੀ. ਆਉਣ ਤੋਂ ਸਪੱਸ਼ਟ ਹੈ ਕਿ ਖੇਤੀ ਤੇ ਗੈਰ ਖੇਤੀ ਧੰਦਿਆਂ ਦੀ ਆਮਦਨ ਵਿੱਚ ਬਹੁਤ ਵੱਡਾ ਫ਼ਰਕ ਹੈ । ਜਿਸ ਦਾ ਕਾਰਨ ਹੋਰ ਪੇਸ਼ਿਆਂ ਦਾ ਵਿਕਸਤ ਨਾ ਹੋਣਾ ਤੇ ਖ਼ਾਸ ਕਰਕੇ ਪਿੰਡਾਂ ਵਿੱਚ ਵਸਦੀ ਵਸੋਂ ਦਾ ਲਗਾਤਾਰ ਖੇਤੀ 'ਤੇ ਨਿਰਭਰ ਰਹਿਣਾ ਹੈ । ਜ਼ਿਕਰਯੋਗ ਹੈ ਕਿ ਵਿਕਸਿਤ ਦੇਸ਼ਾਂ ਵਿੱਚ ਜੇ ਖੇਤੀ ਵਸੋਂ ਦਾ ਕੁੱਲ ਆਮਦਨ ਵਿੱਚ ਹਿੱਸਾ 5 ਫ਼ੀਸਦੀ ਤੋਂ ਘੱਟ ਹੈ ਤਾਂ ਉੱਥੇ ਖੇਤੀ 'ਤੇ ਨਿਰਭਰ ਵਸੋਂ ਵੀ 5 ਫ਼ੀਸਦੀ ਤੋਂ ਘੱਟ ਹੈ । ਪਰ ਭਾਰਤ ਵਿੱਚ ਪੇਂਡੂ ਤੇ ਖ਼ਾਸ ਕਰਕੇ ਖੇਤੀ ਵਸੋਂ ਲਈ ਹੋਰ ਕਾਰੋਬਾਰ ਵਿਕਸਿਤ ਹੀ ਨਹੀਂ ਹੋ ਸਕੇ, ਜਿਸ ਕਰਕੇ ਖੇਤੀ ਲਗਾਤਾਰ ਸਮੱਸਿਆਵਾਂ ਵਿੱਚ ਘਿਰੀ ਹੋਈ ਹੈ ਤੇ ਇਸ ਦਾ ਪੱਕਾ ਹੱਲ ਪੇਂਡੂ ਉਦਯੋਗੀਕਰਨ ਕਰਕੇ ਵਸੋਂ ਦੀ ਖੇਤੀ 'ਤੇ ਨਿਰਭਰਤਾ ਘਟਾਉਣ ਨਾਲ ਹੀ ਨਿਕਲ ਸਕਦਾ ਹੈ ।

ਕਿਸਾਨ ਨਿਧੀ ਵਿੱਚ ਤਿੰਨ ਗੁਣਾਂ ਵਾਧਾ ਕਰਨ ਨਾਲ ਭਾਵੇਂ ਖੇਤੀ ਸਮੱਸਿਆਵਾਂ ਦਾ ਹੱਲ ਤਾਂ ਨਹੀਂ ਨਿਕਲੇਗਾ, ਪਰ ਇਸ ਨਾਲ ਵੱਡੀ ਰਾਹਤ ਮਿਲੇਗੀ ਤੇ ਇਸ ਨਾਲ ਦੇਸ਼ ਦੀ ਆਰਥਿਕਤਾ ਨੂੰ ਵੀ ਹੁਲਾਰਾ ਮਿਲੇਗਾ । ਇਹ ਰਕਮ ਦੇਸ਼ ਦੇ ਤਕਰੀਬਨ 11 ਕਰੋੜ ਕਿਸਾਨਾਂ ਨੂੰ ਸਾਲ ਵਿੱਚ 3 ਵਾਰ 2,000 ਰੁਪਏ ਪ੍ਰਤੀ ਕਿਸ਼ਤ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ, ਇਹ ਉਸੇ ਤਰ੍ਹਾਂ ਦੀ ਹੀ ਰਾਹਤ ਹੈ ਜਿਸ ਤਰ੍ਹਾਂ ਵਿਕਸਿਤ ਦੇਸ਼ਾਂ ਵਿੱਚ ਬੇਰੁਜ਼ਗਾਰੀ ਭੱਤਾ ਦੇ ਕੇ ਉਨ੍ਹਾਂ ਲੋਕਾਂ ਦੀ ਖਰੀਦ ਸ਼ਕਤੀ ਨੂੰ ਬਣਾਈ ਰੱਖਿਆ ਜਾਂਦਾ ਹੈ ਜਿਹੜੀ ਕਿ ਲਗਾਤਾਰ ਵਿਕਾਸ ਦਾ ਆਧਾਰ ਹੈ । ਅਸਲ ਵਿੱਚ ਲਗਾਤਾਰ ਵਿਕਾਸ ਦਾ ਆਧਾਰ ਲਗਾਤਾਰ ਚੱਲਣ ਵਾਲਾ ਉਪਭੋਗ ਹੈ, ਜੋ ਤਾਂ ਹੀ ਸਥਿਰ ਰਹਿ ਸਕਦਾ ਹੈ ਜੇ ਲੋਕਾਂ ਦੀ ਆਮਦਨ ਸਥਿਰ ਰਹੇ । ਦਰਅਸਲ ਵਿਕਸਿਤ ਦੇਸ਼ਾਂ ਵਿੱਚ ਸਰਕਾਰ ਇੱਕ 'ਮਾਂ' ਵਾਂਗ ਭੂਮਿਕਾ ਨਿਭਾਉਦਿਆਂ ਹਰ ਵਿਅਕਤੀ ਦੀ ਖਰੀਦ ਸ਼ਕਤੀ ਬਣਾਈ ਰੱਖਣ ਲਈ ਸਮਾਜਿਕ ਸੁਰੱਖਿਆ ਦੇ ਅਧੀਨ ਬੇਰੁਜ਼ਗਾਰੀ ਭੱਤਾ, ਬੁਢਾਪਾ ਪੈਨਸ਼ਨ ਤੇ ਹੋਰ ਰਾਹਤ ਇਸ ਤਰ੍ਹਾਂ ਪ੍ਰਦਾਨ ਕਰਦੀ ਹੈ, ਜਿਵੇਂ ਇੱਕ ਮਾਂ ਆਪਣੇ ਬੱਚਿਆਂ ਵਿੱਚ ਆਮਦਨ ਸੰਤੁਲਨ ਬਣਾਈ ਰੱਖਣ ਲਈ ਆਪਣੀ ਭੂਮਿਕਾ ਨਿਭਾਉਂਦੀ ਹੈ ਜਿਸ ਦਾ ਮੁੱਢਲਾ ਆਧਾਰ ਹਰ ਇੱਕ ਲਈ ਆਮਦਨ ਬਰਾਬਰੀ ਇੱਕ ਠੋਸ ਨੀਂਹ ਵਾਂਗ ਹੈ । ਪ੍ਰਧਾਨ ਮੰਤਰੀ ਕਿਸਾਨ ਨਿਧੀ ਦੀ ਪਹਿਲੀ ਕਿਸ਼ਤ ਫਰਵਰੀ 2019 ਵਿੱਚ ਦਿੱਤੀ ਗਈ ਸੀ ਅਤੇ ਹੁਣ ਤੱਕ 2000 ਰੁਪਏ ਦੀਆਂ 21 ਕਿਸ਼ਤਾਂ ਦਿੱਤੀਆਂ ਜਾ ਚੁੱਕੀਆਂ ਹਨ, ਇਸ ਦੀ 22ਵੀਂ ਕਿਸ਼ਤ ਫਰਵਰੀ 2026 ਵਿੱਚ ਮਿਲੇਗੀ ਜੋ ਵਿੱਤੀ ਸਾਲ 2025-26 ਦੇ ਕੇਂਦਰੀ ਬਜਟ ਦਾ ਹਿੱਸਾ ਹੋਵੇਗੀ ।

**ਬਿਨਾਂ ਸ਼ੱਕ ਭਾਰਤ ਵਸੋਂ ਦੇ ਵੱਡੇ ਭਾਰ ਥੱਲੇ ਦੱਬਿਆ ਹੋਇਆ ਦੇਸ਼ ਹੈ, ਪਰ ਇਸ ਦੇ ਪਿਛੜੇਪਨ ਦੀ ਵਜ੍ਹਾ ਆਮਦਨ ਨਾ-ਬਰਾਬਰੀ ਹੈ । ਭਾਵੇਂ ਦੁਨੀਆ ਦੇ ਹਰ ਵਿਕਸਿਤ ਦੇਸ਼ ਵਿੱਚ ਧਨ ਦੀ ਨਾ-ਬਰਾਬਰੀ ਹੈ ਪਰ ਕਿਸੇ ਵੀ ਵਿਕਸਿਤ ਦੇਸ਼ ਵਿੱਚ ਆਮਦਨ ਨਾ-ਬਰਾਬਰੀ ਨਹੀਂ ਹੈ । ਜਦਕਿ ਦੁਨੀਆਂ ਦੇ ਹਰ ਅਵਿਕਸਿਤ ਦੇਸ਼ ਵਿੱਚ ਆਮਦਨ ਤੇ ਧਨ ਦੋਹਾਂ ਦੀ ਨਾ-ਬਰਾਬਰੀ ਹੈ ਤੇ ਦੁਨੀਆ ਦਾ ਇੱਕ ਵੀ ਅਜਿਹਾ ਦੇਸ਼ ਨਹੀਂ, ਜਿਸ ਵਿੱਚ ਆਮਦਨ ਨਾ-ਬਰਾਬਰੀ ਵੀ ਹੋਵੇ ਤੇ ਉਹ ਵਿਕਸਿਤ ਵੀ ਹੋਵੇ ।**

ਜੇਕਰ ਪਹਿਲੀ ਅਪ੍ਰੈਲ 2026 ਤੋਂ ਨਵੇਂ ਬਜਟ ਰਾਹੀਂ ਇਸ ਰਾਹਤ ਨੂੰ ਤਿੰਨ ਗੁਣਾਂ ਕਰ ਦਿੱਤਾ ਜਾਵੇ ਤਾਂ ਇਹ ਇੱਕ ਵਾਜਿਬ ਪਹਿਲ ਹੋਵੇਗੀ, ਕਿਉਂਕਿ 2019 ਤੋਂ 2026 ਤੱਕ ਕੀਮਤਾਂ ਦਾ ਪੱਧਰ 2



ਦੁੱਗਣੇ ਤੋਂ ਜ਼ਿਆਦਾ ਹੋ ਚੁੱਕਾ ਹੈ । ਫਿਰ ਇਹ ਪੈਸਾ ਵਧਾਉਣਾ ਇਸ ਕਰਕੇ ਵੀ ਜਾਇਜ਼ ਹੈ ਕਿਉਂਕਿ ਇਸ ਨਾਲ ਵਸਤੂਆਂ ਤੇ ਸੇਵਾਵਾਂ ਦੀ ਵਿਕਰੀ ਵਧੇਗੀ, ਨਵੀਆਂ ਵਸਤੂਆਂ ਤੇ ਸੇਵਾਵਾਂ ਬਣਾਉਣ ਦੇ ਯਤਨ ਹੋਣ ਨਾਲ ਰੁਜ਼ਗਾਰ ਵਧੇਗਾ । ਨਾਬਰਾਬਰ ਆਮਦਨ ਵਾਲੇ ਦੇਸ਼ਾਂ ਵਿੱਚ ਜ਼ਿਆਦਾਤਰ ਵਸੋਂ ਦੀ ਆਮਦਨ ਇੰਨੀ ਵੀ ਨਹੀਂ ਹੁੰਦੀ ਕਿ ਉਹ ਆਪਣੀਆਂ ਲੋੜਾਂ ਪੂਰੀਆਂ ਕਰ ਸਕਣ, ਜਦਕਿ ਥੋੜ੍ਹੇ ਜਿਹੇ ਲੋਕਾਂ ਦੀ ਆਮਦਨ ਉਨ੍ਹਾਂ ਦੀਆਂ ਲੋੜਾਂ ਤੋਂ ਕਿਤੇ ਜ਼ਿਆਦਾ ਹੁੰਦੀ ਹੈ ਅਤੇ ਇਹ ਖਰਚ ਨਾ ਹੋਣ ਕਰਕੇ ਕਿਸੇ ਦੀ ਆਮਦਨ ਵੀ ਨਹੀਂ ਬਣਦੀ ।

ਇੱਥੇ 1927 ਦੌਰਾਨ ਦੁਨੀਆਂ ਵਿੱਚ ਫੈਲੀ ਮਹਾਂਮੰਦੀ ਦਾ ਵਰਨਣ ਕਰਨਾ ਜ਼ਰੂਰੀ ਹੈ, ਜਦੋਂ ਕਿ ਵਸਤੂਆਂ ਦੀ ਵਿਕਰੀ ਨਾ ਹੋਣ ਕਰਕੇ ਨਵੀਆਂ ਵਸਤੂਆਂ ਤੇ ਸੇਵਾਵਾਂ ਪੈਦਾ ਹੋਣੀਆਂ ਬੰਦ ਹੋ ਗਈਆਂ ਸਨ ਤੇ ਇਸ ਕਰਕੇ ਮਹਾਂਮੰਦੀ ਤੋਂ ਬਾਅਦ ਮਹਾਂ ਬੇਰੁਜ਼ਗਾਰੀ ਫੈਲ ਗਈ ਸੀ, ਜਿਸ ਦਾ ਹੱਲ ਲੋਕਾਂ ਦੀ ਖਰੀਦ ਸ਼ਕਤੀ ਨੂੰ ਬਹਾਲ ਕਰਨਾ ਹੀ ਦੱਸਿਆ ਗਿਆ ਸੀ ਤੇ ਇਹ ਇੱਕ ਯੋਗ ਫ਼ੈਸਲਾ ਸਾਬਿਤ ਹੋਇਆ ਸੀ । ਖੇਤੀ ਵਿੱਚ ਲੱਗੀ ਵੱਡੀ ਵਸੋਂ ਦੇ ਅਰਧ ਬੇਰੁਜ਼ਗਾਰੀ ਦੀ ਹਾਲਤ ਵਿੱਚ ਹੋਣ ਕਰਕੇ ਇਹ ਰਾਹਤ ਰਕਮ ਖਰੀਦ ਸ਼ਕਤੀ ਬਣ ਕੇ ਰੁਜ਼ਗਾਰ ਵਾਧੇ ਵਿੱਚ ਸਹਾਇਕ ਹੋ ਸਕਦੀ ਹੈ । ਭਾਰਤ ਦੇ ਨੋਬਲ ਇਨਾਮ ਜੇਤੂ ਅਰਥਸ਼ਾਸ਼ਤਰੀ ਡਾ. ਅਮ੍ਰਿਤਸੈਨ ਨੇ 1942 ਵਿੱਚ ਅਕਾਲ ਪੈਣ ਕਾਰਨ ਲੱਖਾਂ ਲੋਕਾਂ ਦੇ ਮਾਰੇ ਜਾਣ ਦੀ ਵਜ੍ਹਾ ਇਹੋ ਲੱਭੀ ਸੀ ਕਿ ਲੋਕ ਅਨਾਜ ਦੀ ਥੁੜ ਕਰਕੇ ਨਹੀਂ ਸਗੋਂ ਖਰੀਦ ਸ਼ਕਤੀ ਦੀ ਥੁੜ ਕਰਕੇ ਮਰੇ ਸਨ, ਉਨ੍ਹਾਂ ਆਪਣਾ ਇਹ ਥੀਸਜ਼ 26 ਦੇਸ਼ਾਂ ਵਿੱਚ ਪਏ ਅਕਾਲ ਦੀਆਂ ਸਥਿਤੀਆਂ ਦੇ ਤੱਥ ਇਕੱਠੇ ਕਰਕੇ ਲਿਖਿਆ ਸੀ । 11 ਕਰੋੜ ਕਿਸਾਨਾਂ ਨੂੰ ਮਿਲਣ ਵਾਲੀ ਇਸ ਰਾਹਤ ਦੀਆਂ ਪਿਛਲੀਆਂ 21 ਕਿਸ਼ਤਾਂ ਵਿੱਚ ਲੱਗਪਗ 4 ਲੱਖ ਕਰੋੜ ਰੁਪਏ ਵੰਡੇ ਗਏ ਹਨ, ਜਦਕਿ 2019 ਤੋਂ ਲਗਾਤਾਰ ਕਿਸਾਨੀ ਵੈਲਫੇਅਰ ਲਈ 7 ਲੱਖ ਕਰੋੜ ਤੋਂ ਜ਼ਿਆਦਾ ਦਾ ਬਜਟ ਰੱਖਿਆ ਜਾਂਦਾ ਹੈ ਅਤੇ ਇਸ ਵਿੱਚੋਂ ਬਹੁਤੀ ਰਕਮ ਬਗੈਰ ਕਿਸੇ ਯੋਗ ਮੱਦ ਦੇ ਖਰਚ ਹੀ ਨਹੀਂ ਕੀਤੀ ਜਾ ਰਹੀ । ਜੇ ਇਹ ਕਿਸ਼ਤ ਵਧਾ ਕੇ ਇੱਕ ਸਾਲ ਵਿੱਚ 2 ਲੱਖ ਕਰੋੜ ਦੇ ਕਰੀਬ ਇਸ ਮੱਦ ਲਈ ਰਕਮ ਰੱਖੀ ਜਾਵੇ ਤਾਂ ਇਸ ਨਾਲ ਖਰੀਦ ਸ਼ਕਤੀ ਵਿੱਚ ਵਾਧਾ ਹੋਵੇਗਾ, ਇਸ ਤਰ੍ਹਾਂ ਮਨਰੇਗਾ ਨਾਲ ਪੇਂਡੂ ਵਸੋਂ ਦੀ ਖਰੀਦ ਸ਼ਕਤੀ ਵੱਧਣ ਨਾਲ ਪੇਂਡੂ ਅਰਥਵਿਵਸਥਾ ਵਿੱਚ ਕਈ ਹੋਰ ਉਤਪਾਦਿਤ ਇਕਾਈਆਂ ਨੂੰ ਸ਼ੁਰੂ ਕਰਨ ਦੀ ਨੀਂਹ ਰੱਖੀ ਗਈ ਸੀ । ਭਾਵੇਂ ਇਹ ਅਣਉਤਪਾਦਿਕ ਕਾਰਵਾਈ ਲੱਗਦਾ ਹੈ, ਪਰ ਅਪ੍ਰਤੱਖ ਤੌਰ 'ਤੇ ਇਹ ਉਸ ਸਿਧਾਂਤ ਲਈ ਬਿਲਕੁਲ ਢੁੱਕਵਾਂ ਹੈ, ਜਿਸ ਵਿੱਚ ਮੰਗ ਪੈਦਾ ਹੋਣ ਨਾਲ ਪੂਰਤੀ ਦੀਆਂ ਕੋਸ਼ਿਸ਼ਾਂ ਸ਼ੁਰੂ ਹੁੰਦੀਆਂ ਹਨ ।

ਬਿਨਾਂ ਸ਼ੱਕ ਭਾਰਤ ਵਸੋਂ ਦੇ ਵੱਡੇ ਭਾਰ ਥੱਲੇ ਦੱਬਿਆ ਹੋਇਆ ਦੇਸ਼ ਹੈ, ਪਰ ਇਸ ਦੇ ਪਿਛੜੇਪਨ ਦੀ ਵਜ੍ਹਾ ਆਮਦਨ ਨਾ-ਬਰਾਬਰੀ ਹੈ । ਭਾਵੇਂ ਦੁਨੀਆ ਦੇ ਹਰ ਵਿਕਸਿਤ ਦੇਸ਼ ਵਿੱਚ ਧਨ ਦੀ ਨਾ-ਬਰਾਬਰੀ ਹੈ ਪਰ ਕਿਸੇ ਵੀ ਵਿਕਸਿਤ ਦੇਸ਼ ਵਿੱਚ ਆਮਦਨ ਨਾ-ਬਰਾਬਰੀ ਨਹੀਂ ਹੈ । ਜਦਕਿ ਦੁਨੀਆਂ ਦੇ ਹਰ ਅਵਿਕਸਿਤ ਦੇਸ਼ ਵਿੱਚ ਆਮਦਨ ਤੇ ਧਨ ਦੋਹਾਂ ਦੀ ਨਾ-ਬਰਾਬਰੀ ਹੈ ਤੇ ਦੁਨੀਆ ਦਾ ਇੱਕ ਵੀ ਅਜਿਹਾ ਦੇਸ਼ ਨਹੀਂ, ਜਿਸ ਵਿੱਚ ਆਮਦਨ ਨਾ-ਬਰਾਬਰੀ ਵੀ ਹੋਵੇ ਤੇ ਉਹ ਵਿਕਸਿਤ ਵੀ ਹੋਵੇ । ਭਾਵੇਂ ਪ੍ਰਧਾਨ ਮੰਤਰੀ ਕਿਸਾਨ ਨਿਧੀ ਕਿਸੇ ਤਰ੍ਹਾਂ ਵੀ ਆਮਦਨ ਬਰਾਬਰੀ ਪੈਦਾ ਕਰਨ ਵਾਲੀ ਕਾਰਵਾਈ ਤਾਂ ਨਹੀਂ ਹੈ, ਪਰ ਆਰਥਿਕਤਾ ਨੂੰ ਹੁਲਾਰਾ ਦੇਣ ਵਾਲੀ ਕਾਰਵਾਈ ਜ਼ਰੂਰ ਹੈ । ਦੇਸ਼ ਦੀ ਵਸੋਂ ਦੀ ਸਮਾਜਿਕ ਸੁਰੱਖਿਆ ਤਹਿਤ ਜਿੱਥੇ ਬੁਢਾਪਾ ਪੈਨਸ਼ਨ, ਮੁਫਤ ਇਲਾਜ, ਮੁਫਤ ਵਿੱਦਿਆ ਆਦਿ 'ਤੇ ਸੀਮਤ ਮਾਤਰਾ ਵਿੱਚ ਖਰਚ ਕੀਤਾ ਜਾ ਰਿਹਾ ਹੈ, ਉੱਥੇ ਆਰਜ਼ੀ ਰਾਹਤ ਲਈ ਪ੍ਰਧਾਨ ਮੰਤਰੀ ਕਿਸਾਨ ਨਿਧੀ ਵੀ ਉਸ ਵਰਗ ਲਈ ਰਾਹਤ ਹੈ ਜਿਸ ਦੀ ਖਰੀਦ ਸ਼ਕਤੀ ਬਣਾਈ ਰੱਖਣ ਦੀ ਲੋੜ ਹੈ । ਅੱਜਕਲ੍ਹ ਸੰਯੁਕਤ ਰਾਸ਼ਟਰ ਵੱਲੋਂ ਲਗਾਤਾਰ ਚੱਲਣ ਵਾਲੇ ਵਿਕਾਸ ਨੂੰ ਉਦੇਸ਼ ਅਪਣਾਇਆ ਗਿਆ ਹੈ । ਇਸ ਉਦੇਸ਼ ਨੂੰ ਪਛੜੇ ਦੇਸ਼ਾਂ 'ਤੇ ਕੇਂਦਰਿਤ ਕੀਤਾ ਗਿਆ ਹੈ, ਕਿਉਂਕਿ ਪਛੜੇ ਦੇਸ਼ਾਂ ਵਿੱਚ ਜਦੋਂ ਵੀ ਸਮੁੱਚੇ ਵਰਗ ਦੀ ਖਰੀਦ ਸ਼ਕਤੀ ਘੱਟਦੀ ਹੈ ਤਾਂ ਉਸ ਨਾਲ ਸਮੁੱਚਾ ਉਪਭੋਗ ਘੱਟਦਾ ਹੈ । ਵਸਤੂਆਂ ਤੇ ਸੇਵਾਵਾਂ ਦੀ ਵਿਕਰੀ ਘੱਟਣ ਨਾਲ ਪਹਿਲਾਂ ਤੋਂ ਫੈਲੀ ਬੇਰੁਜ਼ਗਾਰੀ ਹੋਰ ਵੱਧਦੀ ਹੈ, ਇਸ ਲਈ ਕਿਸਾਨ ਨਿਧੀ ਵਿੱਚ ਤਿੰਨ ਗੁਣਾਂ ਦਾ ਵਾਧਾ ਕਰਨਾ ਇੱਕ ਯੋਗ ਤੇ ਉਤਪਾਦਿਕ ਕਾਰਵਾਈ ਸਾਬਤ ਹੋਵੇਗਾ ।

# ਪੋਲਟਰੀ ਫਾਰਮਿੰਗ ਵਿੱਚ ਜਸਵੀਰ ਨੇ ਕਾਇਮ ਕੀਤੀ ਮਿਸਾਲ

**★ ਹਰ ਮਹੀਨੇ ਲੱਖਾਂ ਦੀ ਆਮਦਨ ਕਰ ਕੇ ਇਲਾਕੇ ਦੇ ਨੌਜਵਾਨਾਂ ਲਈ ਬਣੇ ਰੋਲ ਮਾਡਲ ★ ਅੱਠ ਮਰਲੇ ਜਗ੍ਹਾ 'ਤੇ ਮੁਰਗੀਆਂ ਦਾ ਸ਼ੈੱਡ ਬਣਾ ਕੇ ਸ਼ੁਰੂ ਕੀਤਾ ਸੀ ਕਾਰੋਬਾਰ**

ਮੋਗਾ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਨਸੀਰੇਵਾਲਾ ਨਾਲ ਸੰਬੰਧਿਤ ਨੌਜਵਾਨ ਜਸਵੀਰ ਸਿੰਘ ਨੇ ਆਪਣੀ ਮਿਹਨਤ, ਦ੍ਰਿੜ੍ਹ ਇਰਾਦੇ ਅਤੇ ਸਹੀ ਦਿਸ਼ਾ ਵਿੱਚ ਕੀਤੇ ਗਏ ਉਪਰਾਲਿਆਂ ਨਾਲ ਪੋਲਟਰੀ ਫਾਰਮਿੰਗ ਦੇ ਖੇਤਰ ਵਿੱਚ ਕਾਮਯਾਬੀ ਦੀ ਪ੍ਰੇਰਣਾਦਾਇਕ ਮਿਸਾਲ ਕਾਇਮ ਕੀਤੀ ਹੈ । ਆਮ ਕਿਸਾਨ ਪਰਿਵਾਰ ਵਿੱਚ ਜਨਮੇ ਜਸਵੀਰ ਸਿੰਘ ਜੋ ਕਿ ਗੁਰਚਰਨ ਸਿੰਘ ਦੇ ਸਪੁੱਤਰ ਹਨ, ਅੱਜ ਆਪਣੇ ਪੋਲਟਰੀ ਫਾਰਮ ਰਾਹੀਂ ਹਰ ਮਹੀਨੇ ਲੱਖਾਂ ਰੁਪਏ ਦੀ ਆਮਦਨ ਕਰ ਰਹੇ ਹਨ ਅਤੇ ਇਲਾਕੇ ਦੇ ਨੌਜਵਾਨਾਂ ਲਈ ਰੋਲ ਮਾਡਲ ਬਣ ਚੁੱਕੇ ਹਨ ।

ਜਸਵੀਰ ਸਿੰਘ ਨੇ ਦੱਸਿਆ ਕਿ ਲਗਪਗ 12 ਸਾਲ ਪਹਿਲਾਂ ਜਦੋਂ ਉਨ੍ਹਾਂ ਦੀ ਉਮਰ ਕਰੀਬ 25 ਸਾਲ ਸੀ ਤਦ ਉਨ੍ਹਾਂ ਨੇ ਪੋਲਟਰੀ ਫਾਰਮਿੰਗ ਦੇ ਕੰਮ ਦੀ ਸ਼ੁਰੂਆਤ ਕੀਤੀ । 12ਵੀਂ ਜਮਾਤ ਤੋਂ ਬਾਅਦ ਪੜ੍ਹਾਈ ਛੱਡ ਕੇ ਉਹ ਆਪਣੇ ਪਿਤਾ ਦੇ ਨਾਲ ਖੇਤੀਬਾੜੀ ਦੇ ਕੰਮ ਵਿੱਚ ਹੱਥ ਵਟਾਉਂਦੇ ਰਹੇ ਪ੍ਰੰਤੂ ਮਨ ਵਿੱਚ ਕੁੱਝ ਨਵਾਂ ਕਰਨ ਅਤੇ ਆਪਣੀ ਵੱਖਰੀ ਪਹਿਚਾਣ ਬਣਾਉਣ ਦੀ ਲਾਲਸਾ ਸਦਾ ਮੌਜੂਦ ਰਹੀ । ਇਸੇ ਸੋਚ ਨੇ ਉਨ੍ਹਾਂ ਨੂੰ ਆਪਣੀ ਹੀ ਜ਼ਮੀਨ ਵਿੱਚ ਪੋਲਟਰੀ ਫਾਰਮ ਸਥਾਪਤ ਕਰਨ ਲਈ ਪ੍ਰੇਰਿਤ ਕੀਤਾ । ਉਨ੍ਹਾਂ ਨੇ ਆਪਣੀ ਜ਼ਮੀਨ ਵਿੱਚ ਲਗਪਗ ਅੱਠ ਮਰਲੇ ਜਗ੍ਹਾ 'ਤੇ ਮੁਰਗੀਆਂ ਦਾ ਸ਼ੈੱਡ ਤਿਆਰ ਕੀਤਾ । ਸ਼ੁਰੂਆਤ ਵਿੱਚ ਕਰੀਬ 200 ਦੇਸੀ ਮੁਰਗੇ ਮੁਰਗੀਆਂ ਨਾਲ ਕੰਮ ਸ਼ੁਰੂ ਕੀਤਾ ਗਿਆ । ਲਗਪਗ ਸਾਢੇ ਦਸ ਸਾਲ ਤੱਕ ਉਨ੍ਹਾਂ ਨੇ ਦੇਸੀ ਮੁਰਗੀਆਂ ਦਾ ਕਾਰੋਬਾਰ ਕੀਤਾ ਜਿਸ ਤੋਂ ਬਾਅਦ ਪਿਛਲੇ ਡੇਢ ਸਾਲ ਤੋਂ ਉਹ ਬਰੌਇਲਰ ਮੁਰਗੀਆਂ ਦੇ ਉਤਪਾਦਨ ਵੱਲ ਮੁੜੇ । ਹੌਲੀ-ਹੌਲੀ ਤਜ਼ਰਬਾ ਵੱਧਦਾ ਗਿਆ ਅਤੇ ਕੰਮ ਨੇ ਰਫਤਾਰ ਫੜ੍ਹ ਲਈ । ਮੌਜੂਦਾ ਸਮੇਂ ਵਿੱਚ ਜਸਵੀਰ ਸਿੰਘ ਦੇ ਪੋਲਟਰੀ ਫਾਰਮ ਵਿੱਚ ਲਗਭਗ ਹਜ਼ਾਰ ਦੇ ਕਰੀਬ ਮੁਰਗੀਆਂ ਹਨ । ਉਹ ਦਿਨ-ਰਾਤ ਪੂਰੀ ਲਗਨ ਅਤੇ ਜ਼ਿੰਮੇਵਾਰੀ ਨਾਲ ਮੁਰਗੀਆਂ ਦੀ ਦੇਖਭਾਲ ਕਰਦੇ ਹਨ । ਮੁਰਗੀਆਂ ਨੂੰ ਉੱਚ ਗੁਣਵੱਤਾ ਵਾਲੀ ਤਿਆਰ ਫੀਡ ਦੇ ਨਾਲ-ਨਾਲ ਘਰੇਲੂ ਤੌਰ 'ਤੇ ਤਿਆਰ ਕੀਤੀ ਫੀਡ ਵੀ ਦਿੱਤੀ ਜਾਂਦੀ ਹੈ ਤਾਂ ਜੋ ਉਨ੍ਹਾਂ ਦੀ ਸਿਹਤ ਅਤੇ ਆਂਡਿਆਂ ਦੀ ਗੁਣਵੱਤਾ ਬਰਕਰਾਰ ਰਹੇ । ਮੁਰਗੀਆਂ ਦੀ ਸਿਹਤ ਸੰਭਾਲ ਲਈ ਡਾਕਟਰਾਂ ਦੀ ਸਲਾਹ ਅਨੁਸਾਰ ਸਮੇਂ-ਸਮੇਂ 'ਤੇ ਟੀਕਾਕਰਨ ਕਰਵਾਇਆ ਜਾਂਦਾ ਹੈ । ਕਿਸੇ ਵੀ ਬਿਮਾਰੀ ਜਾਂ ਸਮੱਸਿਆ ਦੇ ਮੌਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਡਾਕਟਰਾਂ ਦੀ ਟੀਮ ਤੋਂ ਵੀ ਮਾਰਗਦਰਸ਼ਨ ਲਿਆ ਜਾਂਦਾ ਹੈ । ਮੁਰਗੀਆਂ ਨੂੰ ਨਿਰਧਾਰਤ ਸਮੇਂ 'ਤੇ ਖੁਰਾਕ ਦਿੱਤੀ ਜਾਂਦੀ ਹੈ ਜਿਸ ਨਾਲ ਉਨ੍ਹਾਂ ਦੀ ਉਤਪਾਦਨ ਸਮਰੱਥਾ ਵੱਧੀ ਰਹਿੰਦੀ ਹੈ । ਉਨ੍ਹਾਂ ਮੁਤਾਬਕ ਹਜ਼ਾਰ ਮੁਰਗੀਆਂ ਇੱਕ ਦਿਨ ਵਿੱਚ ਲਗਭਗ ਇੱਕ ਕੁਇੰਟਲ ਦਸ ਕਿਲੋ ਫੀਡ ਖਾ ਜਾਂਦੀਆਂ ਹਨ ਅਤੇ ਇੱਕ ਦਿਨ ਵਿੱਚ 800 ਤੋਂ 900 ਦੇ ਕਰੀਬ ਅੰਡੇ ਪ੍ਰਾਪਤ ਹੁੰਦੇ ਹਨ । ਆਂਡਿਆਂ ਦੀ ਰੋਜ਼ਾਨਾ ਵਿਕਰੀ ਤੋਂ ਕਰੀਬ 4500 ਤੋਂ 5000 ਰੁਪਏ ਦੀ ਆਮਦਨ ਹੋ ਜਾਂਦੀ ਹੈ । ਸਾਰੇ ਖਰਚੇ ਕੱਢ ਕੇ ਰੋਜ਼ਾਨਾ 2500 ਤੋਂ 3000 ਰੁਪਏ ਤੱਕ ਦਾ ਸ਼ੁੱਧ ਮੁਨਾਫ਼ਾ ਬਚ ਜਾਂਦਾ ਹੈ ਜੋ ਮਹੀਨੇ ਦੇ ਹਿਸਾਬ ਨਾਲ ਲੱਖਾਂ ਰੁਪਏ ਦੀ ਕਮਾਈ ਬਣ ਜਾਂਦਾ ਹੈ । ਅੰਤ ਵਿੱਚ ਜਸਵੀਰ ਸਿੰਘ ਨੇ ਕਿਹਾ ਕਿ ਹਾਲਾਂਕਿ ਪੋਲਟਰੀ ਫਾਰਮਿੰਗ ਇੱਕ ਮਿਹਨਤ ਅਤੇ ਧੀਰਜ ਵਾਲਾ ਕੰਮ ਹੈ ਪਰ ਜੇ ਮਨ ਲਗਾ ਕੇ ਵਿਗਿਆਨਕ ਤਰੀਕਿਆਂ ਨਾਲ ਅਤੇ ਸਹੀ ਮਾਰਗ ਦਰਸ਼ਨ ਹੇਠ ਕੀਤਾ ਜਾਵੇ ਤਾਂ ਇਸ ਰਾਹੀਂ ਵਧੀਆ ਰੁਜ਼ਗਾਰ ਕਮਾਇਆ ਜਾ ਸਕਦਾ ਹੈ ।

# ਕੇਂਦਰੀ ਜ਼ਮੀਨੀ ਯੋਜਨਾ ਤੇ ਪੰਜਾਬ ਦੀ ਕਿਸਾਨੀ

ਪ੍ਰੋ. (ਡਾ.) ਮੇਹਰ ਮਾਣਕ

> ਪੇਂਡੂ ਸਫ਼ਾਂ ਅੰਦਰ ਲਗਾਤਾਰ ਵੱਧ ਰਹੀ ਬੇਯਕੀਨੀ ਅਤੇ ਬੇਚੈਨੀ ਕਾਰਨ ਉੱਠ ਰਹੇ ਵਿਰੋਧ ਦੇ ਘਟਣ ਦੀ ਕੋਈ ਸੰਭਾਵਨਾ ਨਹੀਂ ਦਿਸਦੀ ਕਿਉਂਕਿ ਕੇਂਦਰ ਸਰਕਾਰ ਕਾਰਪੋਰੇਟੀ ਪੂੰਜੀਵਾਦ ਦਾ ਮੋਹਰਾ ਬਣ ਕੇ ਜ਼ਮੀਨਾਂ ਅਤੇ ਕਿਰਤ 'ਤੇ ਹਮਲਾਵਰ ਹੋ ਰਹੀ ਹੈ, ਜਿਸ ਕਾਰਨ ਬਾਕੀ ਸਾਰੇ ਮਸਲੇ ਗੌਣ ਹੋਣ ਦੀ ਸੰਭਾਵਨਾ ਪ੍ਰਤੱਖ ਦਿਸਦੀ ਹੈ ।

ਜ਼ਮੀਨ ਉਹ ਬੇਸ਼ਕੀਮਤੀ ਥਾਂ ਹੈ ਜਿੱਥੇ ਮਨੁੱਖ ਜਨਮ ਲੈ ਕੇ ਤੁਰਦਾ, ਰੁੜ੍ਹਦਾ ਅਤੇ ਪ੍ਰਕਿਰਤੀ ਅਤੇ ਸਮਾਜ ਨਾਲ ਜੁੜਦਾ ਹੈ । ਜ਼ਮੀਨ ਉਤਪਾਦਨ ਦੇ ਮੁੱਖ ਸਾਧਨਾਂ ਵਿੱਚੋਂ ਇੱਕ ਹੈ । ਜ਼ਮੀਨ ਮਨੁੱਖ ਨੂੰ ਖੁਰਾਕ ਉਤਪਾਦਨ, ਕੁਦਰਤੀ ਸਰੋਤ, ਰਹਿਣ-ਸਹਿਣ ਦਾ ਢਾਂਚਾ ਅਤੇ ਜੀਵਨ ਲਈ ਲੋੜੀਂਦੇ ਤੱਤ ਪ੍ਰਦਾਨ ਕਰਦੀ ਹੈ । ਇਉਂ ਇਹ ਉਤਪਾਦਨ ਦੀ ਸਮੁੱਚੀ ਪ੍ਰਣਾਲੀ ਦੀ ਬੁਨਿਆਦ ਹੈ । ਮਨੁੱਖੀ ਵਿਕਾਸ ਕਈ ਪੜਾਵਾਂ ਵਿੱਚ ਦੀ ਗੁਜ਼ਰਦਾ ਹੈ । ਜਦੋਂ ਜ਼ਮੀਨ ਨਿੱਜੀ ਜਾਇਦਾਦ ਬਣ ਕੇ ਵਿਚਰਦੀ ਹੈ ਤਾਂ ਇਹ ਲੁੱਟ ਅਤੇ ਦਾਬੇ ਦਾ ਸਾਧਨ ਬਣ ਜਾਂਦੀ ਹੈ, ਖ਼ਾਸਕਰ ਪੂੰਜੀਵਾਦ ਤਹਿਤ ਜ਼ਮੀਨ ਕੁੱਝ ਹੱਥਾਂ ਵਿੱਚ ਕੇਂਦਰਿਤ ਹੋ ਜਾਂਦੀ ਹੈ । ਇਸ ਨਾਲ ਛੋਟੀ ਕਿਸਾਨੀ ਜ਼ਮੀਨ ਤੋਂ ਹੱਥ ਧੋ ਬੈਠਦੀ ਹੈ ਅਤੇ ਮਜ਼ਦੂਰੀਕਰਨ ਦੀ ਪ੍ਰਕਿਰਿਆ ਤੇਜ਼ ਹੋ ਜਾਂਦੀ ਹੈ । ਇਸ ਤਰ੍ਹਾਂ ਸਮਾਜਿਕ ਨਾਬਰਾਬਰੀ ਵਿੱਚ ਵਾਧਾ ਹੋ ਜਾਂਦਾ ਹੈ । ਮਾਰਕਸਵਾਦੀ ਨਜ਼ਰੀਏ ਮੁਤਾਬਿਕ ਪੈਸਾ ਅਤੇ ਜ਼ਮੀਨ ਪੂੰਜੀਵਾਦੀ ਰਿਸ਼ਤੇ ਬਣਾਉਣ ਅਤੇ ਵਰਗ-ਵੰਡ ਪੈਦਾ ਕਰਨ ਦੇ ਕੇਂਦਰੀ ਤੱਤ ਹਨ । ਇਸ ਕਰਕੇ ਇਨ੍ਹਾਂ ਦੋਵਾਂ ਉੱਤੇ ਕਬਜ਼ੇ ਦੀ ਲੜਾਈ ਬਾਦਸਤੂਰ ਜਾਰੀ ਹੈ । ਕੇਂਦਰ ਸਰਕਾਰ ਦੀ 'ਇੱਕ ਰਾਸ਼ਟਰ ਇੱਕ ਜਾਇਦਾਦ ਰਜਿਸਟ੍ਰੇਸ਼ਨ' ਨੀਤੀ ਨੂੰ ਇਸੇ ਸੰਦਰਭ ਵਿੱਚ ਦੇਖਣਾ ਬਣਦਾ ਹੈ ।

ਭਾਰਤੀ ਸਮਾਜ ਖ਼ਾਸਕਰ ਪੇਂਡੂ ਸਮਾਜ ਜ਼ਮੀਨ ਦੀ ਮਾਲਕੀ ਅਤੇ ਵਾਹੀ ਦੇ ਮਸਲੇ ਵਿੱਚ ਬਹੁ-ਪਰਤੀ ਚਰਿੱਤਰ ਵਾਲਾ ਹੈ । ਦੇਸ਼ ਅੰਦਰ ਜ਼ਮੀਨੀ ਮਾਲਕੀ ਦਾ ਅਨੁਮਾਨ ਬਹੁਤ ਜ਼ਿਆਦਾ ਵੰਡਿਆ ਹੋਇਆ ਹੈ, ਛੋਟੇ ਅਤੇ ਸੀਮਾਂਤ ਕਿਸਾਨਾਂ ਕੋਲ ਜ਼ਿਆਦਾਤਰ ਵਾਹੀ ਅਧੀਨ ਜ਼ਮੀਨਾਂ ਹਨ । ਇਸੇ ਤਰ੍ਹਾਂ ਹੁਣ ਪੰਜਾਬ ਸੂਬੇ ਵਿੱਚ ਕੋਈ ਬਹੁਤੀਆਂ ਵੱਡੀਆਂ ਜੋਤਾਂ ਨਹੀਂ ਕਿਉਂਕਿ ਬਹੁਗਿਣਤੀ ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ ਅਤੇ ਇੱਕ ਤਿਹਾਈ ਕਿਸਾਨਾਂ ਕੋਲ 5 ਏਕੜ ਤੋਂ ਵੀ ਘੱਟ ਜ਼ਮੀਨ ਹੈ ਭਾਵ ਸੂਬੇ ਅੰਦਰ ਬਹੁਗਿਣਤੀ ਛੋਟੇ ਅਤੇ ਗਰੀਬ ਕਿਸਾਨਾਂ ਦੀ ਹੈ, ਜੋ ਲੱਕ-ਤੋੜਵੀਂ ਮਿਹਨਤ ਕਰਦਿਆਂ ਜੀਵਨ ਬਸਰ ਕਰਦੇ ਹਨ ਅਤੇ ਦੇਸ਼ ਅੰਦਰ ਭੁੱਖੇ ਪੇਟਾਂ ਲਈ ਅੰਨ ਮੁਹੱਈਆ ਵੀ ਕਰਵਾਉਂਦੇ ਹਨ ।

ਖੇਤੀ ਕੋਈ ਲਾਹੇਵੰਦ ਧੰਦਾ ਨਹੀਂ। ਖੇਤੀ ਵਿੱਚ ਲਗਾਤਾਰ ਲਾਗਤਾਂ ਵੱਧਣ, ਪਰਿਵਾਰ ਸਮੇਤ ਲੱਕ ਤੋੜਵੀਂ ਮਿਹਨਤ ਕਰ ਕੇ ਵੀ ਜਿਣਸਾਂ ਦਾ ਵਾਜਬ ਭਾਅ ਨਾ ਮਿਲਣ ਅਤੇ ਲਗਾਤਾਰ ਕਰਜ਼ੇ ਦੇ ਵੱਧਦੇ ਦਬਾਅ ਨੇ ਕਿਸਾਨੀ ਭਾਈਚਾਰੇ ਨੂੰ ਬੇਵੱਸੀ ਅਤੇ ਮੰਦਹਾਲੀ ਵੱਲ ਧੱਕ ਦਿੱਤਾ ਹੈ । ਖੇਤੀ ਖੇਤਰ ਦੇ ਮਸਲਿਆਂ ਦੀ ਅਣਦੇਖੀ ਦਾ ਸਿੱਟਾ ਕਰਜ਼ਦਾਰੀ ਦੇ ਰੂਪ ਵਿੱਚ ਅੱਜ ਸਾਡੇ ਸਨਮੁੱਖ ਹੈ । ਕੌਮੀ ਪੱਧਰ ਉੱਤੇ ਹਰੇਕ ਕਿਸਾਨ ਪਰਿਵਾਰ ਸਿਰ 74,121 ਰੁਪਏ ਔਸਤਨ ਕਰਜ਼ਾ ਹੈ ਜਦੋਂਕਿ ਪੰਜਾਬ ਵਿੱਚ 2.05 ਲੱਖ ਰੁਪਏ ਹਰੇਕ ਕਿਸਾਨ ਪਰਿਵਾਰ ਸਿਰ ਕਰਜ਼ਾ ਹੈ । ਸੰਨ 1997 ਵਿੱਚ ਪੰਜਾਬ ਦੀ ਕਿਸਾਨੀ ਸਿਰ 5,700 ਕਰੋੜ ਰੁਪਏ ਦਾ ਕਰਜ਼ਾ ਸੀ, ਜੋ 2022-23 ਵਿੱਚ ਵੱਧ ਕੇ73,673 ਕਰੋੜ ਰੁਪਏ ਤੱਕ ਪਹੁੰਚ ਗਿਆ । ਇਸ ਕਰਕੇ ਕਰਜ਼ੇ ਦੀ ਪੰਡ ਦਿਨ-ਬ-ਦਿਨ ਭਾਰੀ ਹੁੰਦੀ ਜਾ ਰਹੀ ਹੈ । ਇਸੇ ਆਰਥਿਕ ਬੇਵੱਸੀ ਅਤੇ ਨਿਰਾਸ਼ਾ ਕਾਰਨ ਹੀ ਕਦੇ ਕਿਸਾਨ ਖ਼ੁਦਕੁਸ਼ੀ ਕਰਦਾ ਹੈ ਅਤੇ ਕਦੇ ਅੰਦੋਲਨ ਦੇ ਰਾਹ ਪੈਂਦਾ ਹੈ । ਅਧਿਐਨਾਂ ਮੁਤਾਬਿਕ ਪੰਜਾਬ ਦੇ ਪੇਂਡੂ ਖੇਤਰ ਵਿੱਚ ਹੁਣ ਤੱਕ ਤਕਰੀਬਨ ਤੀਹ ਹਜ਼ਾਰ ਖ਼ੁਦਕਸ਼ੀਆਂ ਹੋ ਚੁੱਕੀਆਂ ਹਨ ਜੋ ਕਿਸਾਨ ਅੰਦੋਲਨ ਦੀ ਜਾਗਰੂਕਤਾ ਅਤੇ ਸਮਾਜਿਕ ਸਮੂਹਿਕ ਢਾਰਸ ਦੇਣ ਦੇ ਬਾਵਜੂਦ ਅਜੇ ਤੱਕ ਰੁਕਣ ਦਾ ਨਾਂ ਨਹੀਂ ਲੈ ਰਹੀਆਂ । ਸਿਆਸੀ ਅਣਦੇਖੀ ਕਾਰਨ ਪੇਂਡੂ ਸਮਾਜ ਆਪਣੇ ਆਪ ਨੂੰ ਲੁਟਿਆ ਤੇ ਟੁੱਟਿਆ ਮਹਿਸੂਸ ਕਰਦਾ ਹੈ। ਨੈਸ਼ਨਲ ਸੈਂਪਲ ਸਰਵੇ (ਸੰਨ 2002) ਦੀ ਰਿਪੋਰਟ ਮੁਤਾਬਿਕ ਤਕਰੀਬਨ 40 ਫ਼ੀਸਦੀ ਕਿਸਾਨਾਂ ਨੇ ਬੋਝਲ ਹੋ ਰਹੇ ਖੇਤੀਬਾੜੀ ਦੇ ਹੱਦ ਨੂੰ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਹੈ । ਸਰਕਾਰੀ ਨੀਤੀਆਂ ਵਿੱਚ ਕੋਈ ਖ਼ਾਸ ਬਦਲਾਅ ਨਾ ਹੋਣ ਕਾਰਨ ਹੁਣ ਸਥਿਤੀ ਹੋਰ ਵੀ ਗੰਭੀਰ ਹੋ ਚੁੱਕੀ ਹੈ । ਘਾਟੇ ਦਾ ਵਣਜ ਹੋਣ ਦੇ ਬਾਵਜੂਦ ਕਿਸਾਨੀ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਮਾਨਸਿਕ ਕਾਰਨਾਂ ਕਰਕੇ ਧਰਤੀ/ਖੇਤੀ ਨਾਲ ਜੁੜੀ ਰਹਿਣਾ ਚਾਹੁੰਦੀ ਹੈ । ਇਸੇ ਸੰਦਰਭ ਵਿੱਚ ਕਿਸਾਨਾਂ ਦੀ ਦਿੱਲੀ ਮੋਰਚੇ ਵਿੱਚ ਵਿਆਪਕ ਲਾਮਬੰਦੀ ਹੋਈ ਅਤੇ ਤਿੰਨ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਹੁਣੇ ਜਿਹੇ ਕਿਸਾਨਾਂ ਦੇ ਸਮੂਹਿਕ ਜਥੇਬੰਦਕ ਵਿਰੋਧ ਕਾਰਨ ਵਾਪਸ ਹੋਈ ਲੈਂਡ ਪੂਲਿੰਗ ਪਾਲਿਸੀ ਦੇ ਆਪਸੀ ਸੰਬੰਧਾਂ ਨੂੰ ਸਮਝਣ ਦੀ ਜ਼ਰੂਰਤ ਹੈ ਕਿਉਂਕਿ ਕਿਸਾਨ ਹਜ਼ਾਰਾਂ ਹਰਜ਼ੇ ਸਹਿ ਕੇ ਵੀ ਜ਼ਮੀਨ ਨੂੰ ਛੱਡਣਾ ਨਹੀਂ ਚਾਹੁੰਦਾ । ਜ਼ਮੀਨ ਨਾਲ ਕਿਸਾਨ ਅਤੇ ਕਿਰਤੀ ਕਾਮਿਆਂ ਦੀ ਹੋਂਦ, ਪਛਾਣ, ਮਨ, ਮਾਣ ਅਤੇ ਰਿਸ਼ਤਿਆਂ ਦੀ ਹਰ ਤੰਦ ਜੁੜੀ ਹੋਈ ਹੈ ।

ਖੇਤੀ ਖੇਤਰ ਬੁਰੀ ਤਰ੍ਹਾਂ ਕਰਜ਼ਈ ਹੈ ਅਤੇ ਆਰਥਿਕ ਘਾਟਿਆਂ ਕਾਰਨ ਸਮਾਜਿਕ ਬੇਚੈਨੀ ਵੱਧ ਰਹੀ ਹੈ ਪਰ ਕੇਂਦਰ ਸਰਕਾਰ ਨੇ ਇਸ ਖੇਤਰ ਦਾ ਕਰਜ਼ਾ ਮੁਆਫ਼ ਕਰਨ ਦੀ ਥਾਂ ਕਾਰਪੋਰੇਟਾਂ ਦਾ 16.50 ਲੱਖ ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਨ ਨੂੰ ਤਰਜੀਹ ਦਿੱਤੀ। ਇਸ ਤੋਂ ਇਲਾਵਾ ਕੇਂਦਰ ਸਰਕਾਰ ਉੱਭਰ ਰਹੇ ਨਵੇਂ ਸੰਸਾਰ ਪ੍ਰਬੰਧ ਨੂੰ ਅਪਣਾਉਣ ਦੇ ਰਾਹ ਪੈ ਗਈ ਹੈ, ਜਿਸ ਵਿੱਚ ਸਮਾਜਿਕ ਸਮੂਹਿਕ ਵਿਕਾਸ ਅਤੇ ਭਲਾਈ ਦੀ ਥਾਂ ਦਿਓਕੱਦ ਤਾਕਤਾਂ ਦੀ ਵੱਧ ਰਹੀ ਧਾਂਕ ਅਤੇ ਪਸਾਰੇ ਨੂੰ ਹੀ ਸਮਾਜ ਦਾ ਭਵਿੱਖ ਦੱਸਿਆ ਜਾ ਰਿਹਾ ਹੈ । ਇਹ ਡਾਰਵਿਨ ਦੇ ਉਸ ਸਿਧਾਂਤ 'ਤੇ ਆਧਾਰਿਤ ਹੈ, ਜਿਸ ਵਿੱਚ ਸਿਰਫ਼ ਮੁਕਾਬਲਾ ਹੀ ਹੈ ਅਤੇ ਕਮਜ਼ੋਰ ਲਈ ਕੋਈ ਥਾਂ ਜਾਂ ਰਹਿਮ ਨਹੀਂ ਹੈ । ਇਸੇ ਨੀਤੀ ਤਹਿਤ ਹੀ ਕੇਂਦਰ ਸਰਕਾਰ ਨੇ ਮੁੜ 'ਇੱਕ ਦੇਸ਼, ਇੱਕ ਲੈਂਡ ਰਜਿਸਟਰੇਸ਼ਨ' ਯੋਜਨਾ ਅਧੀਨ ਜ਼ਮੀਨਾਂ 'ਤੇ ਹਮਲਾ ਬੋਲਿਆ ਹੈ ।

ਇਸ ਨੂੰ ਤਿੰਨ ਖੇਤੀ ਕਾਨੂੰਨਾਂ ਵਾਂਗ ਹੀ ਜ਼ਮੀਨਾਂ ਖੋਹਣ ਦਾ ਨਵਾਂ ਤਰੀਕਾ ਮੰਨਿਆ ਜਾ ਰਿਹਾ ਹੈ । ਪੰਜਾਬ ਦੇ ਸੁਚੇਤ ਤਬਕੇ ਇਸ ਨੂੰ ਪੰਜਾਬ ਦੇ ਸਰੋਤਾਂ ਅਤੇ ਅਰਥਚਾਰੇ 'ਤੇ ਇੱਕ ਨਵੀਂ ਪਹਿਲ-ਕਦਮੀ ਵਜੋਂ ਵੇਖ ਰਹੇ ਹਨ । ਸਰੋਤਾਂ ਮੁਤਾਬਿਕ ਇਸ ਨਵੀਂ ਯੋਜਨਾ ਤਹਿਤ ਕੇਂਦਰ ਸਰਕਾਰ 'ਇੱਕ ਦੇਸ਼ - ਇੱਕ ਜਾਇਦਾਦ ਰਜਿਸਟਰੇਸ਼ਨ ਨੀਤੀ' ਨੂੰ ਲਾਗੂ ਕਰਨ ਜਾ ਰਹੀ ਹੈ । ਇਸ ਦੇ ਲਾਗੂ ਹੋਣ ਨਾਲ ਜਾਇਦਾਦ ਦੀ ਜਾਣਕਾਰੀ ਲੈਣੀ ਸੌਖੀ ਹੋ ਜਾਵੇਗੀ, ਪਰ ਇਸ ਨੀਤੀ ਨੂੰ ਮਾਲੀਆ ਰਿਕਾਰਡ ਦੇ ਮੁਕੰਮਲ ਕੇਂਦਰੀਕਰਨ ਵੱਲ ਵੱਡਾ ਕਦਮ ਮੰਨਿਆ ਜਾ ਰਿਹਾ ਹੈ । ਜ਼ਿਕਰਯੋਗ ਹੈ ਕਿ ਫੈਡਰਲ ਸਿਸਟਮ ਆਧਾਰਿਤ ਬਹੁ-ਪਰਤੀ ਅਤੇ ਬਹੁ-ਭਾਂਤੀ ਸਮਾਜਾਂ ਵਿੱਚ ਕੇਂਦਰੀਕਰਨ ਨੂੰ ਕਦੇ ਵੀ ਵਾਜਬ ਨਹੀਂ ਮੰਨਿਆ ਗਿਆ, ਪਰ ਇਹ ਯੋਜਨਾ ਕੇਂਦਰੀਕਰਨ ਦੀ ਉਸੇ ਵਿਚਾਰਧਾਰਾ ਦੀ ਕੜੀ ਹੈ ਜਿਸ ਵਿੱਚ ਇੱਕ ਦੇਸ਼ ਇੱਕ ਚੋਣ, ਇੱਕ ਦੇਸ਼ ਇੱਕ ਟੈਕਸ (ਜੀ ਐੱਸ ਟੀ), ਇੱਕ ਦੇਸ਼ ਇੱਕ ਭਾਸ਼ਾ ਵਰਗੀਆਂ ਨੀਤੀਆਂ ਰਾਹੀਂ ਭਾਰਤੀ ਫੈਡਰਲ ਢਾਂਚੇ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ ।

> ਬਿਜਲੀ ਸ਼ੋਧ ਬਿੱਲ 2025 ਅਤੇ ਬੀਜ ਬਿੱਲ 2025 ਦੇ ਮਸਲੇ ਉੱਤੇ ਕਿਸਾਨ ਜਥੇਬੰਦੀਆਂ ਤਿੱਖਾ ਵਿਰੋਧ ਕਰ ਰਹੀਆਂ ਹਨ । ਪੇਂਡੂ ਸਫ਼ਾਂ ਅੰਦਰ ਲਗਾਤਾਰ ਵੱਧ ਰਹੀ ਬੇਯਕੀਨੀ ਅਤੇ ਬੇਚੈਨੀ ਕਾਰਨ ਉੱਠ ਰਹੇ ਵਿਰੋਧ ਦੇ ਘਟਣ ਦੀ ਕੋਈ ਸੰਭਾਵਨਾ ਨਹੀਂ ਦਿਸਦੀ ਕਿਉਂਕਿ ਕੇਂਦਰ ਸਰਕਾਰ ਕਾਰਪੋਰੇਟੀ ਪੂੰਜੀਵਾਦ ਦਾ ਮੋਹਰਾ ਬਣ ਕੇ ਜ਼ਮੀਨਾਂ ਅਤੇ ਕਿਰਤ 'ਤੇ ਹਮਲਾਵਰ ਹੋ ਰਹੀ ਹੈ, ਜਿਸ ਕਾਰਨ ਬਾਕੀ ਸਾਰੇ ਮਸਲੇ ਗੌਣ ਹੋਣ ਦੀ ਸੰਭਾਵਨਾ ਪ੍ਰਤੱਖ ਦਿਸਦੀ ਹੈ । ਅਜਿਹੀ ਗੁੰਝਲਦਾਰ ਸਥਿਤੀ ਵਿੱਚ ਸੂਬਾ ਸਰਕਾਰ ਜ਼ਮੀਨ ਅਤੇ ਕਿਰਤ ਦੇ ਮਸਲੇ 'ਤੇ ਕਿਸ ਪਾਸੇ ਖੜ੍ਹੇਗੀ, ਇਹੋ ਗੱਲ ਉਸ ਦੇ ਸਿਆਸੀ ਭਵਿੱਖ ਨੂੰ ਤੈਅ ਕਰੇਗੀ ।



ਭਾਰਤੀ ਫੈਡਰਲ ਸਿਸਟਮ ਮੁਤਾਬਿਕ ਖੇਤੀ ਖੇਤਰ ਸੂਬਾਈ ਮਸਲਾ ਹੋਣ ਕਾਰਨ ਰਾਜ ਸਰਕਾਰ ਅਧੀਨ ਆਉਂਦਾ ਹੈ । ਇਸੇ ਕਰਕੇ ਮੌਜੂਦਾ ਸਮੇਂ ਜ਼ਮੀਨ ਮਾਲੀਏ ਦਾ ਵਿਸ਼ਾ ਸੂਬਿਆਂ ਦੇ ਅਧੀਨ ਹੈ, ਪਰ ਕੇਂਦਰ ਸਰਕਾਰ ਦੀ ਨਵੀਂ ਯੋਜਨਾ ਇਸ ਦੇ ਬਿਲਕੁਲ ਉਲਟ ਦਿਸ਼ਾ ਵੱਲ ਜਾ ਰਹੀ ਹੈ । ਜੇਕਰ ਇਹ ਨਵੀਂ ਯੋਜਨਾ ਲਾਗੂ ਹੋ ਗਈ ਤਾਂ ਜ਼ਮੀਨ ਸੰਬੰਧੀ ਸਾਰਾ ਰਿਕਾਰਡ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਆਵੇਗਾ । ਜਦੋਂ ਜ਼ਮੀਨ ਦਾ ਸਾਰਾ ਰਿਕਾਰਡ ਹੀ ਕੇਂਦਰ ਕੋਲ ਚਲਿਆ ਗਿਆ ਤਾਂ ਉਸ ਲਈ ਬਹੁਤ ਸਾਰੇ ਰਾਹ ਮੋਕਲੇ ਹੋ ਜਾਣਗੇ । ਇਸ ਰਾਹੀਂ ਕੇਂਦਰ ਅਤੇ ਕਾਰਪੋਰੇਟ ਘਰਾਣੇ ਮਨਮਰਜ਼ੀ ਮੁਤਾਬਿਕ ਸੂਬੇ ਨੂੰ ਉਲੰਘ ਕੇ ਜ਼ਮੀਨਾਂ ਹੜੱਪ ਸਕਣਗੇ ਕਿਉਂਕਿ ਇਹ ਯੋਜਨਾ ਲਾਗੂ ਹੋਣ ਨਾਲ ਜ਼ਮੀਨ ਗ੍ਰਹਿਣ ਕਰਨ ਦੀ ਪ੍ਰਕਿਰਿਆ ਵਿੱਚ ਸੂਬਾਈ ਸਰਕਾਰਾਂ ਦੀ ਭੂਮਿਕਾ ਖ਼ਤਮ ਹੋ ਜਾਵੇਗੀ । ਇਉਂ ਲੋਕਾਂ ਨੂੰ ਸਿੱਧਾ ਕੇਂਦਰ ਨਾਲ ਲੜਨਾ ਪਵੇਗਾ, ਜੋ ਸੌਖਾ ਕੰਮ ਨਹੀਂ । ਇਸ ਕਰਕੇ ਇਹ ਸਾਰਾ ਕੰਮ ਬੜੇ ਯੋਜਨਾਬੱਧ ਤਰੀਕੇ ਨਾਲ ਕੀਤਾ ਜਾ ਰਿਹਾ ਹੈ । ਜ਼ਮੀਨ ਦੇ ਰਿਕਾਰਡ ਨੂੰ ਉੱਚ ਤਕਨੀਕੀ ਵਰਤੋਂ ਤਹਿਤ ਸੌਖਾ ਕਰਨ ਦੇ ਨਾਮ ਹੇਠ ਕੰਪਿਊਟਰਾਈਜ਼ੇਸ਼ਨ/ਡਿਜ਼ੀਟਲਾਈਜ਼ੇਸ਼ਨ ਜ਼ਰੀਏ ਇਕੱਠਾ ਕੀਤਾ ਜਾ ਰਿਹਾ ਹੈ । ਇਸ ਵਿੱਚ ਇੱਕ ਨੈਸ਼ਨਲ ਪੋਰਟਲ ਬਣਾਇਆ ਜਾਵੇਗਾ, ਜਿਸ ਰਾਹੀਂ ਸਾਰੀ ਜਾਣਕਾਰੀ ਕੇਂਦਰ ਕੋਲ ਰਹੇਗੀ । ਸਰੋਤਾਂ ਮੁਤਾਬਿਕ ਇਸ ਮਸਲੇ 'ਤੇ ਲਗਾਤਾਰ ਮੀਟਿੰਗਾਂ ਦਾ ਦੌਰ ਜਾਰੀ ਹੈ ਅਤੇ ਸੰਸਦ ਦੀ ਸਥਾਈ ਕਮੇਟੀ ਵਿੱਚ ਇਸ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ । ਹੈਰਾਨੀਜਨਕ ਗੱਲ ਇਹ ਹੈ ਕਿ ਇਸ ਯੋਜਨਾ ਸੰਬੰਧੀ ਸੰਸਦ ਵਿੱਚ ਵੀ ਕਦੇ ਚਰਚਾ ਤੱਕ ਨਹੀਂ ਸੁਣੀ । ਜਾਣਕਾਰ ਸੂਤਰਾਂ ਮੁਤਾਬਿਕ 17 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਸਰਕਾਰਾਂ ਇਸ ਯੋਜਨਾ ਲਈ ਆਪਣੀ ਸਹਿਮਤੀ ਦੇ ਚੁੱਕੀਆਂ ਹਨ, ਜਿਸ ਵਿੱਚ ਪੰਜਾਬ ਸਰਕਾਰ ਵੀ ਸ਼ਾਮਿਲ ਹੈ । ਸੂਬੇ ਦੇ ਬਾਸ਼ਿੰਦਿਆਂ ਨੂੰ ਇਸ ਬਾਰੇ ਕੁੱਝ ਪਤਾ ਨਹੀਂ ਕਿਉਂਕਿ ਇਸ ਸੰਬੰਧੀ ਨਾ ਕਦੇ ਜਨਤਕ ਤੌਰ 'ਤੇ ਅਤੇ ਨਾ ਹੀ ਕਦੇ ਵਿਧਾਨ ਸਭਾ ਵਿੱਚ ਹੀ ਚਰਚਾ ਸੁਣਨ ਨੂੰ ਮਿਲੀ ਹੈ । ਸਵਾਲ ਇਹ ਹੈ ਕਿ ਪੰਜਾਬ ਸਰਕਾਰ ਨੇ ਕਿਸ ਆਧਾਰ ਉੱਤੇ ਕੇਂਦਰੀਕਰਨ ਦੀ ਨੀਤੀ ਆਧਾਰਿਤ ਇਸ ਪ੍ਰਕਿਰਿਆ ਅਧੀਨ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ । ਸਮੁੱਚੀਆਂ ਕਿਸਾਨ ਧਿਰਾਂ ਇਹ ਗੱਲ ਪਹਿਲਾਂ ਹੀ ਕਹਿ ਚੁੱਕੀਆਂ ਹਨ ਕਿ ਖੇਤੀ ਸੂਬੇ ਦੇ ਅਧਿਕਾਰ ਵਾਲਾ ਵਿਸ਼ਾ ਹੈ । ਇਸ ਕਰਕੇ ਜ਼ਮੀਨ ਉੱਤੇ ਸਿਰਫ਼ ਸੰਬੰਧਿਤ ਸੂਬੇ ਤੇ ਉੱਥੋਂ ਦੇ ਲੋਕਾਂ ਦਾ ਹੱਕ ਹੈ । ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਫੈਡਰਲ ਢਾਂਚੇ ਨੂੰ ਖ਼ਤਮ ਕਰਨ ਵਾਲੀ ਕਿਸੇ ਵੀ ਕੇਂਦਰੀ ਯੋਜਨਾ ਦਾ ਵਿਰੋਧ ਹੋਵੇਗਾ । ਕੇਂਦਰ ਸਰਕਾਰ ਅਤੇ ਪੰਜਾਬ ਦੀ ਕਿਸਾਨੀ ਕਾਫ਼ੀ ਦੇਰ ਤੋਂ ਆਹਮਣੇ ਸਾਹਮਣੇ ਖੜ੍ਹੇ ਹਨ । ਬਿਜਲੀ ਸ਼ੋਧ ਬਿੱਲ 2025 ਅਤੇ ਬੀਜ ਬਿੱਲ 2025 ਦੇ ਮਸਲੇ ਉੱਤੇ ਕਿਸਾਨ ਜਥੇਬੰਦੀਆਂ ਤਿੱਖਾ ਵਿਰੋਧ ਕਰ ਰਹੀਆਂ ਹਨ । ਪੇਂਡੂ ਸਫ਼ਾਂ ਅੰਦਰ ਲਗਾਤਾਰ ਵੱਧ ਰਹੀ ਬੇਯਕੀਨੀ ਅਤੇ ਬੇਚੈਨੀ ਕਾਰਨ ਉੱਠ ਰਹੇ ਵਿਰੋਧ ਦੇ ਘਟਣ ਦੀ ਕੋਈ ਸੰਭਾਵਨਾ ਨਹੀਂ ਦਿਸਦੀ ਕਿਉਂਕਿ ਕੇਂਦਰ ਸਰਕਾਰ ਕਾਰਪੋਰੇਟੀ ਪੂੰਜੀਵਾਦ ਦਾ ਮੋਹਰਾ ਬਣ ਕੇ ਜ਼ਮੀਨਾਂ ਅਤੇ ਕਿਰਤ 'ਤੇ ਹਮਲਾਵਰ ਹੋ ਰਹੀ ਹੈ, ਜਿਸ ਕਾਰਨ ਬਾਕੀ ਸਾਰੇ ਮਸਲੇ ਗੌਣ ਹੋਣ ਦੀ ਸੰਭਾਵਨਾ ਪ੍ਰਤੱਖ ਦਿਸਦੀ ਹੈ । ਅਜਿਹੀ ਗੁੰਝਲਦਾਰ ਸਥਿਤੀ ਵਿੱਚ ਸੂਬਾ ਸਰਕਾਰ ਜ਼ਮੀਨ ਅਤੇ ਕਿਰਤ ਦੇ ਮਸਲੇ 'ਤੇ ਕਿਸ ਪਾਸੇ ਖੜ੍ਹੇਗੀ, ਇਹੋ ਗੱਲ ਉਸ ਦੇ ਸਿਆਸੀ ਭਵਿੱਖ ਨੂੰ ਤੈਅ ਕਰੇਗੀ । ਇਸ ਤੋਂ ਇਲਾਵਾ ਸੂਬਾ ਸਰਕਾਰ ਦਾ ਇਹ ਫਰਜ਼ ਹੈ ਕਿ ਉਹ ਪੇਂਡੂ ਸਮਾਜ ਦੇ ਹਿੱਤਾਂ ਨੂੰ ਤਰਜੀਹ ਦਿੰਦਿਆਂ ਪੜਚੋਲਵੀਂ ਨਜ਼ਰ ਰਾਹੀਂ ਇਸ ਉੱਭਰ ਰਹੇ ਜ਼ਮੀਨੀ ਮਸਲੇ ਵੱਲ ਜ਼ਰੂਰ ਧਿਆਨ ਦੇਵੇ ਕਿਉਂਕਿ ਇਹ ਮਸਲਾ ਜ਼ਮੀਨ ਅਤੇ ਕਿਰਤ ਦੇ ਬਚਾਅ ਦੇ ਨਾਲ-ਨਾਲ ਜਮਹੂਰੀ ਨਿਜ਼ਾਮ ਦੇ ਫੈਡਰਲ ਢਾਂਚੇ ਨਾਲ ਵੀ ਬਹੁਤ ਨੇੜਿਓਂ ਜੁੜਿਆ ਹੋਇਆ ਹੈ ।

# ਪੰਜਾਬ ਵਿੱਚ ਡਰੈਗਨ ਫਰੂਟ ਦੀ ਕਾਸ਼ਤ



ਡਰੈਗਨ ਫਰੂਟ ਇੱਕ ਕੈਕਟਸ ਅਤੇ ਵੇਲ ਨੁਮਾ ਪੌਦਾ ਹੈ ਜਿਸ ਨੂੰ ਛੇਤੀ ਹੀ ਫ਼ਲ ਲੱਗਣ ਲੱਗ ਜਾਂਦਾ ਹੈ। ਇਸ ਦੀ ਕਾਸ਼ਤ ਦੇ ਜ਼ਰੂਰੀ ਨੁਕਤੇ ਇਸ ਪ੍ਰਕਾਰ ਹਨ-

**ਖੁਰਾਕੀ ਤੱਤ** : ਇਸ ਵਿੱਚ ਐਂਟੀਆਕਸੀਡੈਂਟ, ਬੀਟਾ-ਕੈਰੋਟੀਨ, ਫਿਨੋਲਸ ਵਰਗੇ ਫਾਈਟੋਕੈਮੀਕਲਜ਼, ਕੈਲਸ਼ੀਅਮ, ਫ਼ਾਸਫ਼ੋਰਸ, ਜ਼ਿੰਕ ਅਤੇ ਮੈਗਨੀਸ਼ੀਅਮ ਵਰਗੇ ਖਣਿਜ ਅਤੇ ਵਿਟਾਮਿਨਾਂ ਅਤੇ ਫਾਈਬਰ ਦੀ ਕਾਫ਼ੀ ਮਾਤਰਾ ਹੁੰਦੀ ਹੈ ਜਿਸ ਕਰਕੇ ਇਸ ਨੂੰ ਸੁਪਰ ਫ਼ਲ ਦੇ ਤੌਰ ਤੇ ਜਾਣਿਆ ਜਾਂਦਾ ਹੈ।

**ਮਿੱਟੀ ਅਤੇ ਪੌਣ-ਪਾਣੀ** : ਦਰਮਿਆਨੀ, ਚੰਗੇ ਜਲ ਨਿਕਾਸ ਵਾਲੀ ਅਤੇ ਖੁਰਾਕੀ ਤੱਤਾਂ ਨਾਲ ਭਰਪੂਰ ਮਿੱਟੀ ਡਰੈਗਨ ਫਰੂਟ ਦੀ ਕਾਸ਼ਤ ਲਈ ਢੁਕਵੀਂ ਹੈ। ਬਹੁਤ ਜ਼ਿਆਦਾ ਰੇਤਲੀ ਅਤੇ ਮਾੜੇ ਜਲ ਨਿਕਾਸ ਵਾਲੀ ਮਿੱਟੀ ਵਿੱਚ ਡਰੈਗਨ ਫਰੂਟ ਦੀ ਕਾਸ਼ਤ ਨਾ ਕਰੋ।

**ਪੌਦੇ ਲਗਾਉਣ ਦਾ ਢੰਗ** : ਡਰੈਗਨ ਫਰੂਟ ਦੇ ਪੌਦੇ ਫਰਵਰੀ-ਮਾਰਚ ਅਤੇ ਜੁਲਾਈ-ਸਤੰਬਰ ਦੇ ਮਹੀਨੇ ਲਗਾਏ ਜਾ ਸਕਦੇ ਹਨ। ਇਸ ਦੇ ਪੌਦਿਆਂ ਨੂੰ ਸੀਮੈਂਟ ਦੇ ਮਜ਼ਬੂਤ ਖੰਭੇ ਗੱਡ ਕੇ ਉਚੇ ਬੈੱਡਾਂ 'ਤੇ ਲਗਾਓ ਤਾਂ ਜੋ ਬਰਸਾਤ ਦੇ ਮੌਸਮ ਦੌਰਾਨ ਜ਼ਿਆਦਾ ਪਾਣੀ ਨਾ ਖੜੇ। ਇਸ ਦੇ ਪੌਦੇ ਸਿੰਗਲ ਪੋਲ ਪ੍ਰਣਾਲੀ ਵਿੱਚ 10×10 ਫ਼ੁੱਟ ਜਾਂ 12×8 ਫ਼ੁੱਟ ਦੀ ਦੂਰੀ 'ਤੇ ਲਾਏ ਜਾਂਦੇ ਹਨ। ਬੂਟਿਆਂ ਨੂੰ ਖੰਭਿਆਂ ਦੇ ਬਿਲਕੁਲ ਨੇੜੇ ਲਗਾਇਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਆਸਾਨੀ ਨਾਲ ਉਸ ਉੱਪਰ ਚੜ੍ਹ ਸਕਣ। ਖੰਭਿਆਂ ਦੇ ਸਾਰੇ ਪਾਸੇ ਚਾਰ ਪੌਦੇ ਲਗਾਉਣੇ ਚਾਹੀਦੇ ਹਨ। ਇਸ ਫ਼ਲ ਦੇ ਨਵੇਂ ਬੂਟੇ ਲਗਾਉਣ ਤੋਂ 15 ਦਿਨ ਪਹਿਲਾਂ ਹਰੇਕ ਖੰਭੇ ਦੁਆਲੇ 15-20 ਕਿਲੋ ਗਲੀ-ਸੜੀ ਰੂੜੀ ਵਾਲੀ ਖਾਦ ਪਾਓ ਅਤੇ ਮਿੱਟੀ ਵਿੱਚ ਮਿਲਾ ਦਿਓ।

**ਸਿਧਾਈ ਅਤੇ ਕਾਂਟ-ਛਾਂਟ** : ਖੰਭੇ ਦੀ ਕੁੱਲ ਲੰਬਾਈ ਘੱਟੋ-ਘੱਟ 7 ਫ਼ੁੱਟ ਹੋਣੀ ਚਾਹੀਦੀ ਹੈ ਅਤੇ ਜ਼ਮੀਨ ਤੋਂ ਬਾਹਰ ਇਸ ਦੀ ਉਚਾਈ ਤਕਰੀਬਨ 5 ਫ਼ੁੱਟ ਹੋਣੀ ਚਾਹੀਦੀ ਹੈ। ਸੀਮੈਂਟ ਦੇ ਖੰਭੇ ਸਿਰਿਆਂ ਤੇ 4.5-5.0 ਇੰਚ ਅਤੇ ਸਿਖਰ 'ਤੇ 3.5-4.5 ਇੰਚ ਮੋਟਾਈ ਵਾਲੇ ਹੋਣੇ ਚਾਹੀਦੇ ਹਨ। ਇਹਨਾਂ ਦੇ ਸਿਰਿਆਂ ਦੇ ਸੀਮੈਂਟ ਦਾ ਬਣਿਆ ਗੋਲ ਚੱਕਰ ਟਿਕਾਉਣ ਲਈ ਖਾਂਚਾ ਬਣਾਇਆ ਜਾਂਦਾ ਹੈ ਜਿਸ ਤੇ 2 ਫ਼ੁੱਟ ਵਿਆਸ ਵਾਲਾ ਅਤੇ 2 ਇੰਚ ਮੋਟਾ ਚੱਕਰ ਲਗਾਇਆ ਜਾਂਦਾ ਹੈ ਤਾਂਕਿ ਡਰੈਗਨ ਫਰੂਟ ਇਸ ਉੱਪਰ ਫ਼ੈਲ ਸਕੇ ਅਤੇ ਇੱਕ ਛਤਰੀ ਨੁਮਾ ਸ਼ਕਲ ਅਕਾਰ ਵਿੱਚ ਵਧੇ। ਬੂਟਿਆਂ ਨੂੰ ਖੰਭਿਆਂ ਦੇ ਨਾਲ-ਨਾਲ ਚੜ੍ਹਾਉਣ ਲਈ ਇਹਨਾਂ ਨੂੰ ਲਗਾਤਾਰ ਪਲਾਸਟਿਕ ਦੀ ਰੱਸੀ ਨਾਲ ਬੰਨਦੇ ਰਹੋ ਅਤੇ ਜਦੋਂ ਬੂਟੇ ਵੱਧ ਕੇ ਉਪਰਲੇ ਚੱਕਰ ਤੋਂ ਬਾਹਰ ਆ ਜਾਣ ਤਾਂ ਇਹਨਾਂ ਦੀ ਕਟਾਈ ਕਰੋ ਤਾਂਕਿ ਵਧੇਰੇ ਸ਼ਾਖਾਵਾਂ ਨਿਕਲ ਆਉਣ। ਜ਼ਮੀਨ ਤੋਂ ਲੈ ਕੇ ਉਪਰਲੇ ਚੱਕਰ ਤੱਕ ਬੂਟਿਆਂ ਦੇ ਪਾਸੇ ਤੋਂ ਨਿਕਲ ਰਹੇ ਫੁਟਾਰੇ ਨੂੰ ਕੱਟਦੇ ਰਹੋ।

**ਦੇਸੀ ਖਾਦਾਂ ਦੀ ਵਰਤੋਂ** : ਡਰੈਗਨ ਫਰੂਟ ਨੂੰ ਬੂਟੇ ਲਾਉਣ ਵੇਲੇ 15-20 ਗਲੀ ਸੜੀ ਰੂੜੀ ਵਾਲੀ ਖਾਦ ਪ੍ਰਤੀ ਖੰਭਾ ਪਾਓ। ਬੂਟੇ ਲਾਉਣ ਤੋਂ ਇੱਕ ਸਾਲ ਬਾਅਦ ਅੱਧ ਜਨਵਰੀ ਵਿੱਚ 10 ਕਿਲੋ ਰੂੜੀ ਵਾਲੀ ਖਾਦ ਪਾਉ। ਦੂਜੇ ਸਾਲ 15 ਕਿਲੋ, ਤੀਜੇ ਸਾਲ 20 ਕਿਲੋ, ਚੌਥੇ ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬੂਟਿਆਂ ਨੂੰ 25 ਕਿਲੋ ਰੂੜੀ ਵਾਲੀ ਖਾਦ ਪ੍ਰਤੀ ਖੰਭਾ ਅੱਧ ਜਨਵਰੀ ਵਿੱਚ ਪਾਉ।

**ਸਿੰਚਾਈ** : ਇਸ ਨੂੰ ਸਿਰਫ਼ ਮਾਰਚ ਤੋਂ ਅਖੀਰ ਜੂਨ ਤੋਂ ਬਿਨਾਂ ਬਾਕੀ ਸਮੇਂ ਘੱਟ ਪਾਣੀ ਦੀ ਲੋੜ ਹੁੰਦੀ ਹੈ। ਜੂਨ ਤੋਂ ਇਸ ਫ਼ਸਲ ਵਿੱਚ ਫੁੱਲ ਆਉਣਾ ਸ਼ੁਰੂ ਹੋ ਜਾਂਦਾ ਹੈ ਅਤੇ ਸਤੰਬਰ ਅਖੀਰ ਤੱਕ ਜਾਰੀ ਰਹਿੰਦਾ ਹੈ। ਫ਼ਲਾਂ ਦੇ ਵਿਕਾਸ ਦੌਰਾਨ ਮਿੱਟੀ ਦੀ ਨਮੀ ਬਣਾਈ ਰੱਖਣ ਲਈ ਤੁਪਕਾ ਸਿੰਚਾਈ ਪ੍ਰਣਾਲੀ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਪੰਜਾਬ ਵਿੱਚ ਇਸ ਦੇ ਫੁੱਲਾਂ ਅਤੇ ਫ਼ਲਾਂ ਦੀ ਆਮਦ ਬਰਸਾਤ ਦੇ ਮੌਸਮ ਦੇ ਨਾਲ ਮੇਲ ਖਾਂਦੀ ਹੈ ਇਸ ਲਈ ਜ਼ਮੀਨ ਵਿੱਚ ਜ਼ਿਆਦਾ ਨਮੀ ਅਤੇ ਪਾਣੀ ਖੜਨ ਦੀ ਸਥਿਤੀ ਤੋਂ ਬੂਟਿਆਂ ਨੂੰ ਬਚਾਉਣਾ ਚਾਹੀਦਾ ਹੈ। ਇਸ ਕਰਕੇ ਇਸ ਫ਼ਲ ਦੇ ਪੌਦੇ/ਖੰਭੇ ਦੇ ਆਲੇ-ਦੁਆਲੇ ਉੱਚਾ ਬੈੱਡ ਬਨਾਉਣਾ ਚਾਹੀਦਾ ਹੈ। ਗਰਮੀਆਂ ਮਹੀਨੇ ਦੁਪਹਿਰੇ ਪਾਣੀ ਦੇਣ ਤੋਂ ਪਰਹੇਜ਼ ਕਰੋ।

**ਫ਼ਲਾਂ ਦੀ ਤੁੜਾਈ ਅਤੇ ਸਾਂਭ-ਸੰਭਾਲ** : ਡਰੈਗਨ ਫਰੂਟ ਦੇ ਫ਼ਲਾਂ ਦੀ ਤੁੜਾਈ ਦਾ ਸਮਾਂ ਆਮ ਤੌਰ ਤੇ ਜੁਲਾਈ-ਨਵੰਬਰ ਦੇ ਵਿਚਕਾਰ ਹੁੰਦਾ ਹੈ, ਜੋ ਕਿ 3-4 ਮੁੱਖ ਫਲੱਸ਼ਾਂ ਵਿੱਚ ਆਉਂਦਾ ਹੈ।

| ਕਿਸਮਾਂ | ਫ਼ਲਾਂ ਦਾ ਆਕਾਰ ਅਤੇ ਰੰਗ | ਗੁੱਦਾ ਅਤੇ ਬੀਜ | ਫ਼ਲਾਂ ਦਾ ਔਸਤਨ ਭਾਰ | ਫ਼ਲਾਂ ਦੇ ਲੱਗਣ ਦਾ ਸਮਾਂ | ਔਸਤਨ ਝਾੜ ਪ੍ਰਤੀ ਖੰਭਾ (ਚਾਰ ਸਾਲ ਦੇ ਬੂਟਿਆਂ ਤੋਂ) |
|---|---|---|---|---|---|
| ਰੈਡ ਡਰੈਗਨ-1 | ਲੰਬੇ-ਗੋਲ, ਹਰੀਆਂ-ਲਾਲ ਪੱਤੀਆਂ ਵਾਲੇ ਅਤੇ ਚਮਕਦਾਰ ਲਾਲ ਰੰਗ | ਗੂੜਾ ਜਾਮਣੀ-ਲਾਲ ਰੰਗ ਦਾ ਹੁੰਦਾ ਹੈ ਜਿਸ ਵਿੱਚ ਛੋਟੇ ਆਕਾਰ ਦੇ ਕਾਲੇ ਰੰਗ ਦੇ ਬੀਜ ਖਿਲਰੇ ਹੁੰਦੇ ਹਨ। | 325 ਗ੍ਰਾਮ | ਜੁਲਾਈ ਤੋਂ ਨਵੰਬਰ | 8.35 ਕਿਲੋ |
| ਵਾਈਟ ਡਰੈਗਨ-1 | ਫ਼ਲ ਲੰਬੇ-ਗੋਲ, ਹਰੀਆਂ ਲਾਲ ਪੱਤੀਆਂ ਵਾਲੇ ਅਤੇ ਬਾਹਰੋਂ ਗੁਲਾਬੀ-ਲਾਲ ਰੰਗ | ਗੁੱਦਾ ਘਸਮੈਲੇ ਚਿੱਟੇ ਰੰਗ ਦਾ ਹੁੰਦਾ ਹੈ ਜਿਸ ਵਿੱਚ ਛੋਟੇ ਅਕਾਰ ਦੇ ਕਾਲੇ ਰੰਗ ਦੇ ਬੀਜ ਖਿਲਰੇ ਹੁੰਦੇ ਹਨ। | 285 ਗ੍ਰਾਮ | ਜੁਲਾਈ ਤੋਂ ਨਵੰਬਰ | 8.5 ਕਿਲੋ |

ਘਰੇਲੂ ਬਹਾਰ ਵਿੱਚ ਵੇਚਣ ਲਈ ਛਿਲਕੇ ਦਾ ਰੰਗ ਹਰੇ ਤੋਂ ਲਾਲ ਜਾਂ ਗੁਲਾਬੀ ਵਿੱਚ ਬਦਲਣ ਤੋਂ ਤਿੰਨ ਜਾਂ ਚਾਰ ਦਿਨਾਂ ਬਾਅਦ ਫ਼ਲ ਦੀ ਤੁੜਾਈ ਕੀਤੀ ਜਾ ਸਕਦੀ ਹੈ, ਜਦੋਂ ਕਿ ਦੂਰ ਦੇ ਮੰਡੀਕਰਨ ਲਈ, ਰੰਗ ਬਦਲਣ ਤੋਂ ਇੱਕ ਦਿਨ ਬਾਅਦ ਇਸ ਦੀ ਤੁੜਾਈ ਕੀਤੀ ਜਾ ਸਕਦੀ ਹੈ। ਫ਼ਲਾਂ ਦੀ ਤੁੜਾਈ ਫ਼ਲਾਂ ਨੂੰ ਘੜੀ ਦੀ ਦਿਸ਼ਾ ਵਿੱਚ ਮੋੜ ਕੇ ਕੀਤੀ ਜਾ ਸਕਦੀ ਹੈ ਜਾਂ ਇਸ ਕੰਮ ਲਈ ਚਾਕੂ ਦੀ ਵਰਤੋਂ ਕਰੋ। ਤੁੜਾਈ ਵੇਲੇ ਧਿਆਨ ਰੱਖੋ ਕਿ ਫ਼ਲ ਦੀ ਡੰਡੀ ਵਾਲਾ ਪਾਸਾ ਨੁਕਸਾਨਿਆਂ ਨਾ ਜਾਵੇ। ਤੁੜਾਈ ਤੋਂ ਬਾਅਦ ਫ਼ਲਾਂ ਨੂੰ ਛਾਵੇਂ ਰੱਖੋ ਅਤੇ ਗੱਤੇ ਦੇ ਡੱਬਿਆਂ ਵਿੱਚ ਪੈਕ ਕਰਕੇ ਮੰਡੀਕਰਨ ਕਰੋ।

**ਅਵਨੀਤ ਕੌਰ, ਫਾਰਮ ਸਲਾਹਕਾਰ ਸੇਵਾ ਕੇਂਦਰ, ਰੋਪੜ (ਮੋ. 88474-60251)**

# 'ਡੇਜ਼ੀ' ਸੰਤਰੇ ਦੀ ਕਾਸ਼ਤ ਲਈ ਮਹੱਤਵਪੂਰਨ ਸਿਫ਼ਾਰਸ਼ਾਂ

'ਡੇਜ਼ੀ' ਸੰਤਰਾ ਇੱਕ ਦੋਗਲੀ ਕਿਸਮ ਹੈ ਜੋ 'ਕਿੰਨੂ' ਸੰਤਰੇ ਤੋਂ ਦੋ ਕੁ ਮਹੀਨੇ ਅਗੇਤੀ ਪੱਕਦੀ ਹੈ। ਇਸ ਦੇ ਫ਼ਲ ਦਾ ਆਕਾਰ ਦਰਮਿਆਨੇ ਤੋਂ ਵੱਡਾ ਅਤੇ ਪੱਕਣ ਤੇ ਫ਼ਲ ਦਾ ਰੰਗ ਗੂੜ੍ਹਾ-ਸੰਤਰੀ ਹੁੰਦਾ ਹੈ। ਨਵੰਬਰ ਦੇ ਸ਼ੁਰੂਆਤੀ ਦਿਨ ਨਿੱਘੇ ਹੁੰਦੇ ਹਨ ਜਿਸ ਕਰਕੇ ਸੰਤਰੇ ਦੇ ਫ਼ਲਾਂ ਦੀ ਵਧੇਰੇ ਮੰਗ ਹੁੰਦੀ ਹੈ ਅਤੇ 'ਡੇਜ਼ੀ' ਉਤਪਾਦਕਾਂ ਨੂੰ ਬਹੁਤ ਜ਼ਿਆਦਾ ਲਾਭ ਮਿਲਦਾ ਹੈ।



ਡੇਜ਼ੀ ਦੇ ਬਾਗ ਲਗਾਉਣ ਦੇ ਦੋ ਸਮੇਂ ਹਨ : ਫਰਵਰੀ-ਮਾਰਚ ਤੇ ਸਤੰਬਰ-ਅਕਤੂਬਰ। 'ਡੇਜ਼ੀ' ਦੇ ਬਾਗਾਂ ਤੋਂ ਉੱਚ ਪੱਧਰੀ ਫ਼ਲ ਪ੍ਰਾਪਤ ਕਰਨ ਲਈ ਕਿਸਾਨਾਂ ਨੂੰ ਹੇਠ ਲਿਖੇ ਮਹੱਤਵਪੂਰਣ ਨੁਕਤਿਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

★ **ਸਹੀ ਜੜ੍ਹ-ਮੁੱਢ ਦੀ ਚੋਣ** : ਪੰਜਾਬ ਦੇ ਅਰਧ-ਪਹਾੜੀ ਅਤੇ ਕੇਂਦਰੀ ਇਲਾਕੇ ਲਈ 'ਡੇਜ਼ੀ' ਲਈ 'ਕੈਰੀਜ਼ੋ' ਜੜ੍ਹ-ਮੁੱਢ ਦੀ ਸਿਫ਼ਾਰਸ਼ ਕੀਤੀ ਗਈ ਹੈ। 'ਕੈਰੀਜ' ਜੜ੍ਹ-ਮੁੱਢ ਤੋਂ ਤਿਆਰ ਕੀਤੇ ਗਏ ਫ਼ਲਾਂ ਦੀ ਚਮੜੀ ਬਿਹਤਰ ਅਤੇ ਚੰਗੀ ਹੁੰਦੀ ਹੈ। ਪੰਜਾਬ ਦੇ ਦੱਖਣ-ਪੱਛਮੀ ਖਿੱਤੇ ਵਿੱਚ ਡੇਜ਼ੀ ਸੰਤਰੇ ਦੀ ਕਾਸ਼ਤ ਕਰਨ ਲਈ, ਇਸ ਦੇ ਬੂਟੇ 'ਜੱਟੀ-ਖੱਟੀ' ਦੇ ਜੜ੍ਹ-ਮੁੱਢ ਤੇ ਪਿਉਂਦ ਕਰਕੇ ਤਿਆਰ ਕੀਤੇ ਜਾ ਸਕਦੇ ਹਨ। ਇਸ ਵਿਧੀ ਨਾਲ ਤਿਆਰ ਬੂਟਿਆਂ ਦਾ ਵੱਧ ਝਾੜ ਨਿਕਲਦਾ ਹੈ ਅਤੇ ਬੂਟਿਆਂ ਦੇ ਬਾਅਦ ਵਿੱਚ ਮਰਨ ਦੀ ਦਰ ਵੀ ਘੱਟ ਜਾਂਦੀ ਹੈ। 'ਕੈਰੀਜ਼ੋ' ਜੜ੍ਹ-ਮੁੱਢ 'ਤੇ ਡੇਜ਼ੀ ਦੇ ਪੌਦਿਆਂ ਵਿੱਚ 'ਜੱਟੀ-ਖੱਟੀ' ਦੇ ਜੜ੍ਹ-ਮੁੱਢ ਦੀ ਤੁਲਨਾ ਵਿੱਚ ਫਾਈਟੋਫੋਥਰਾ / ਗਮੋਸਿਸ ਅਤੇ ਜੜ੍ਹਾਂ ਦਾ ਗਾਲਾ ਘੱਟ ਹੁੰਦਾ ਹੈ।

★ **ਸਹੀ ਖਾਦ-ਖੁਰਾਕ** : ਆਮ ਤੌਰ ਤੇ ਕਿਸਾਨ 'ਡੇਜ਼ੀ' ਦੇ ਬਾਗਾਂ ਵਿੱਚ ਵੀ 'ਕਿੰਨੂ' ਲਈ ਸਿਫ਼ਾਰਸ਼ ਕੀਤੀਆਂ ਖਾਦਾਂ ਦੀ ਹੀ ਵਰਤੋਂ ਕਰਦੇ ਹਨ। ਜਦੋਂ ਕਿ 'ਡੇਜ਼ੀ' ਦੇ ਬਾਗਾਂ ਨੂੰ ਫੌਸਫੋਰਸ ਦੀ ਕੋਈ ਲੋੜ ਨਹੀਂ ਹੁੰਦੀ ਅਤੇ ਨਾਈਟਰੋਜਨ ਤੱਤ ਦੀ ਵੀ ਘੱਟ ਲੋੜ ਹੁੰਦੀ ਹੈ। ਜ਼ਿਆਦਾ ਨਾਈਟ੍ਰੋਜਨ ਰਸਾਇਣਕ ਖਾਦਾਂ ਤੋਂ ਪਰਹੇਜ਼ ਕਰੋ ਕਿਉਂਕਿ ਇਸ ਖਾਦ ਦੀ ਵਰਤੋਂ ਨਾਲ ਗਰੈਨੂਲੇਸ਼ਨ (ਜੂਸ ਦਾ ਸੁੱਕ ਜਾਣਾ) ਦੀ ਤੀਬਰਤਾ ਵੱਧਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਰੂੜੀ ਦੀ ਖਾਦ ਅਤੇ ਰਸਾਇਣਕ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਸਾਰੀ ਰੂੜੀ ਦੀ ਖਾਦ ਦਸੰਬਰ ਵਿੱਚ ਪਾਉ। ਯੂਰੀਆ ਖਾਦ ਨੂੰ ਦੋ ਭਾਗਾਂ ਵਿੱਚ ਵੰਡੋ, ਜਿਸ ਵਿੱਚੋਂ ਅੱਧੀ ਖਾਦ ਫੁੱਲ ਆਉਣ ਤੋਂ ਪਹਿਲਾਂ ਫਰਵਰੀ ਵਿੱਚ ਅਤੇ ਬਾਕੀ ਅੱਧੀ ਖੁਰਾਕ ਫ਼ਲ ਲੱਗਣ ਤੋਂ ਬਾਅਦ ਅਪ੍ਰੈਲ-ਮਈ ਵਿੱਚ ਪਾਉ।

★ **ਸਿੰਜਾਈ ਦਾ ਸਮਾਂ** : ਸਿੰਜਾਈ ਦਾ ਸਮਾਂ 'ਡੇਜ਼ੀ' ਦੀ ਕਾਸ਼ਤ ਲਈ ਪਾਣੀ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਛੋਟੇ ਪੌਦਿਆਂ ਲਈ, ਆਮ ਤੌਰ 'ਤੇ 3-4 ਸਾਲ ਦੀ ਉਮਰ ਤੱਕ, ਸਹੀ ਵਾਧੇ ਨੂੰ ਯਕੀਨੀ ਬਣਾਉਣ ਲਈ ਸਿੰਜਾਈ ਹਫ਼ਤੇ ਵਿੱਚ ਇੱਕ ਵਾਰ ਨਿਰਧਾਰਤ ਕੀਤੀ ਜਾਣੀ ਚਾਹੀਦੀ ਹੈ। ਵੱਡੇ ਬੂਟਿਆਂ ਨੂੰ ਘੱਟ ਵਾਰ ਸਿੰਜਾਈ ਦੀ ਲੋੜ ਹੁੰਦੀ ਹੈ। ਹਰ 2-3 ਹਫ਼ਤਿਆਂ ਬਾਅਦ ਹਾਲਾਂਕਿ ਇਹ ਅੰਤਰ ਮੌਜੂਦਾ ਜਲਵਾਯੂ, ਬਾਰਿਸ਼ ਅਤੇ ਮਿੱਟੀ ਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਵੱਖ-ਵੱਖ ਹੋ ਸਕਦੀ ਹੈ। ਮੁੱਖ ਸਿੰਜਾਈ ਦੇ ਸਮੇਂ ਵਿੱਚ ਫ਼ਰਵਰੀ ਵਿੱਚ ਕਰੂੰਬਲਾਂ ਫੁੱਟਣ ਤੋਂ ਪਹਿਲਾਂ, ਅਪ੍ਰੈਲ ਵਿੱਚ ਫ਼ਲ ਲੱਗਣ ਤੋਂ ਬਾਅਦ, ਅਤੇ ਜ਼ਿਆਦਾ ਤਾਪਮਾਨ ਦੇ ਸਮੇਂ ਸ਼ਾਮਲ ਹਨ, ਕਿਉਂਕਿ ਇਨ੍ਹਾਂ ਪੜ੍ਹਾਵਾਂ ਦੌਰਾਨ ਪਾਣੀ ਦੀ ਕਮੀ ਬੂਟਿਆਂ ਦੀ ਤਾਕਤ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦੀ ਹੈ ਅਤੇ ਜ਼ਿਆਦਾ ਫੁੱਲ ਜਾਂ ਫ਼ਲ ਡਿੱਗਣ ਦਾ ਕਾਰਨ ਬਣ ਸਕਦੀ ਹੈ।


| 'ਡੇਜ਼ੀ' ਦੇ ਬਾਗਾਂ ਵਿੱਚ ਰੂੜੀ ਦੀ ਖਾਦ ਅਤੇ ਰਸਾਇਣਕ ਖਾਦਾਂ ਦੀ ਵਰਤੋਂ | | | |
|---|---|---|---|
| ਬੂਟੇ ਦੀ ਉਮਰ (ਸਾਲ) | ਮਾਤਰਾ (ਕਿਲੋ/ਬੂਟਾ) | | |
| | ਰੂੜੀ ਦੀ ਖਾਦ (ਕਿਲੋ) | ਨਾਈਟਰੋਜਨ | ਯੂਰੀਆ |
| 1-3 | 5-20 | 50-150 | 110-330 |
| 4-6 | 25-50 | 200-250 | 440-550 |
| 7-9 | 60-90 | 300-400 | 660-880 |
| 10 ਅਤੇ ਵਧੇਰੇ | 100 | 400-800 | 880-1760 |

★ **ਅਗੇਤੀ ਤੁੜਾਈ ਲਈ ਡੀਗਰੀਨਿੰਗ** : 'ਡੇਜ਼ੀ' ਦੀ ਤੁੜਾਈ ਦਾ ਢੁੱਕਵਾਂ ਸਮਾਂ ਨਵੰਬਰ ਵਿੱਚ ਕੇਵਲ 15-20 ਕੁ ਦਿਨ ਦਾ ਹੀ ਹੁੰਦਾ ਹੈ। ਤੁੜਾਈ ਨੂੰ ਅਗੇਤਾ ਕਰਨ ਲਈ ਐਥੀਫੋਨ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਮੰਡੀਕਰਨ ਤੋਂ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ। 'ਡੇਜ਼ੀ' ਦਾ ਰੰਗ ਬਦਲਣ ਤੇ ਤੁੜਾਈ ਕਰਨ ਉਪਰੰਤ ਐਥੀਫੋਨ ਦੇ 1000 ਪੀ. ਪੀ. ਐਮ. ਘੋਲ ਵਿੱਚ 5 ਮਿੰਟ ਲਈ ਫ਼ਲਾਂ ਨੂੰ ਡੁਬੋ ਦੇਣਾ ਚਾਹੀਦਾ ਹੈ। ਘੋਲ ਬਣਾਉਣ ਲਈ 2.5 ਮਿਲੀਲਿਟਰ ਐਥੀਫੋਨ ਨੂੰ ਇੱਕ ਲਿਟਰ ਪਾਣੀ ਵਿੱਚ ਘੋਲੋ। ਉਪਰੰਤ 'ਕੋਰੂਗੇਟਡ ਫਾਈਬਰ' ਦੇ ਡੱਬਿਆਂ ਵਿੱਚ ਪੈਕ ਕਰਕੇ ਮੰਡੀਕਰਨ ਕੀਤਾ ਜਾ ਸਕਦਾ ਹੈ।

★ **ਤੁੜਾਈ ਦਾ ਢੁੱਕਵਾਂ ਸਮਾਂ** : ਫ਼ਲਾਂ ਦੀ ਤੁੜਾਈ 20 ਨਵੰਬਰ ਤੋਂ ਪਹਿਲਾਂ ਦੀ ਸਿਫ਼ਾਰਸ਼ ਕੀਤੇ ਸਮੇਂ ਦੌਰਾਨ ਕਰਕੇ 'ਡੇਜ਼ੀ' ਵਿੱਚ ਗਰੈਨੂਲੇਸ਼ਨ ਦੇ ਵਿਕਾਸ ਨੂੰ ਰੋਕਿਆ ਜਾ ਸਕਦਾ ਹੈ। ਗਰੈਨੂਲੇਸ਼ਨ ਇੱਕ ਅਜਿਹੀ ਸਥਿਤੀ ਹੈ ਜਿਸ ਵਿੱਚ ਜੂਸ ਸੁੱਕ ਜਾਂਦਾ ਹੈ ਅਤੇ ਸਖ਼ਤ ਹੋ ਜਾਂਦਾ ਹੈ। ਫ਼ਲ ਦਾ ਰਸੀਲਾਪਣ ਗਵਾਚ ਜਾਂਦਾ ਹੈ ਕਿਉਂਕਿ ਇਸ ਬਿਮਾਰੀ ਨਾਲ ਫ਼ਲ ਦਾ ਭਾਰ, ਜੂਸ ਅਤੇ ਖੰਡ ਗੁਆਚ ਜਾਂਦੇ ਹਨ। ਖਪਤਕਾਰਾਂ ਨੂੰ ਦਾਣੇਦਾਰ ਫ਼ਲ ਪਸੰਦ ਨਹੀਂ ਆਉਂਦੇ ਅਤੇ ਉਨ੍ਹਾਂ ਦਾ ਮੰਡੀਕਰਨ ਔਖਾ ਹੋ ਜਾਂਦਾ ਹੈ ਅਤੇ ਉਤਪਾਦਕਾਂ ਨੂੰ ਚੰਗਾ ਮੁਨਾਫ਼ਾ ਨਹੀਂ ਮਿਲਦਾ।

**ਗੁਰਤੇਗ ਸਿੰਘ ਅਤੇ ਮੋਨਿਕਾ ਗੁਪਤਾ,**
**ਫ਼ਲ ਵਿਗਿਆਨ ਵਿਭਾਗ,**
**ਪੀ. ਏ. ਯੂ., ਲੁਧਿਆਣਾ**

# ਸਰਦੀਆਂ ਦੌਰਾਨ ਮੂੰਹ-ਖੁਰ ਦੀ ਬਿਮਾਰੀ ਤੋਂ ਸਾਵਧਾਨ





ਇਹ ਬਿਮਾਰੀ ਵਿਦੇਸ਼ੀ ਅਤੇ ਦੋਗਲੀ ਨਸਲ ਦੇ ਪਸ਼ੂਆਂ ਵਿਚ ਜ਼ਿਆਦਾ ਨੁਕਸਾਨ ਕਰਦੀ ਹੈ ਅਤੇ ਇਸਦੇ ਵਿਸ਼ਾਣੂ ਆਮ ਤੌਰ ਤੇ ਵਰਤੇ ਜਾਣ ਵਾਲੇ ਕੀਟਾਣੂ ਨਾਸ਼ਕਾਂ ਨਾਲ ਨਹੀਂ ਮਰਦੇ ਅਤੇ ਪ੍ਰਭਾਵਿਤ ਫਾਰਮ ਉੱਪਰ ਕਈ ਮਹੀਨਿਆਂ ਤੱਕ ਜਿਊਂਦੇ ਰਹਿ ਸਕਦੇ ਹਨ ।

**ਬਿਮਾਰੀ ਦੇ ਫੈਲਣ ਦੇ ਕਾਰਨ** : ਇਹ ਰੋਗ ਪਸ਼ੂਆਂ ਵਿਚ ਤੇਜ਼ੀ ਨਾਲ ਫੈਲਦਾ ਹੈ ਤੇ ਸਮੇਂ ਵਿਚ ਝੁੰਡ ਜਾਂ ਪੂਰੇ ਪਿੰਡ ਦੇ ਪਸ਼ੂਆਂ ਵਿਚ ਫੈਲ ਜਾਂਦਾ ਹੈ । ਇਹ ਵਿਸ਼ਾਣੂ ਬਿਮਾਰ ਪਸ਼ੂ ਦੇ ਸਾਰੇ ਰਿਸਾਵਾਂ ਵਿੱਚੋਂ ਰਿਸਦਾ ਹੈ ਅਤੇ ਅਨੁਕੂਲ ਵਾਤਾਵਰਨ ਵਿਚ ਹਵਾ ਰਾਹੀਂ, ਜ਼ਮੀਨੀ ਸਤ੍ਹਾ ਤੇ ਦੱਸ ਕਿਲੋਮੀਟਰ ਤੱਕ ਫੈਲ ਸਕਦਾ ਹੈ । ਤੰਦਰੁਸਤ ਜਾਨਵਰ ਵਿਚ ਬਿਮਾਰੀ, ਬਿਮਾਰ ਪਸ਼ੂਆਂ ਦੇ ਸੰਪਰਕ ਵਿਚ ਆਉਣ ਅਤੇ ਸਾਹ ਰਾਹੀਂ ਹੁੰਦੀ ਹੈ । ਹੋਰ ਸਮਾਨ ਜਿਵੇਂ ਕਿ : ਚਾਰਾ, ਬਰਤਨ, ਕੰਮ ਕਰਨ ਵਾਲੇ ਵਿਅਕਤੀ ਜੋ ਬਿਮਾਰ ਪਸ਼ੂਆਂ ਦੇ ਸੰਪਰਕ ਵਿਚ ਆਏ ਹੋਣ, ਬਿਮਾਰੀ ਨੂੰ ਫੈਲਾਉਣ ਦਾ ਕੰਮ ਕਰਦੇ ਹਨ । ਬਿਮਾਰ ਪਸ਼ੂ ਦਾ ਵੀਰਜ ਵੀ ਬਿਮਾਰੀ ਫੈਲਾਅ ਸਕਦਾ ਹੈ । ਇਹ ਵਿਸ਼ਾਣੂ ਕੱਚੇ ਮੀਟ ਅਤੇ ਕੱਚੇ ਦੁੱਧ (ਬਿਨਾਂ ਉਬਾਲੇ ਹੋਏ) ਵਿਚ ਹੁੰਦਾ ਹੈ ।

**ਬਿਮਾਰੀ ਦੇ ਲੱਛਣ** : ਤੇਜ਼ ਬੁਖਾਰ ਹੋਣਾ (104°-105° F) । ਮੂੰਹ ਵਿੱਚੋਂ ਲਾਰਾਂ ਡਿੱਗਦੀਆਂ ਹਨ ਅਤੇ ਮੂੰਹ ਵਿਚ ਛਾਲੇ ਹੋ ਜਾਂਦੇ ਹਨ । ਖੁਰਾਂ ਦੇ ਵਿੱਚ ਵੀ ਛਾਲੇ ਅਤੇ ਜ਼ਖਮ ਹੋ ਜਾਂਦੇ ਹਨ ਅਤੇ ਪਸ਼ੂ ਵਿਚ ਲੰਗੜਾਪਨ ਆ ਜਾਂਦਾ ਹੈ । ਪਸ਼ੂ ਪੱਠੇ ਨਹੀਂ ਖਾਂਦਾ ਜਿਸ ਨਾਲ ਪਸ਼ੂ ਦਾ ਭਾਰ ਅਤੇ ਦੁੱਧ ਬਹੁਤ ਤੇਜ਼ੀ ਨਾਲ ਘੱਟ ਜਾਂਦਾ ਹੈ । ਗੱਭਣ ਪਸ਼ੂ ਤੂਅ ਜਾਂਦੇ ਹਨ । ਵੱਛੜੂਆਂ ਵਿਚ ਵਿਸ਼ਾਣੂ ਦੇ ਦਿਲ ਉੱਤੇ ਮਾੜਾ ਅਸਰ ਹੋਣ ਕਰਕੇ ਬਿਨ੍ਹਾਂ ਹੋਰ ਕੋਈ ਲੱਛਣ ਦਿਸੇ ਅਚਾਨਕ ਮੌਤ ਹੋ ਜਾਂਦੀ ਹੈ । ਬਿਮਾਰੀ ਠੀਕ ਹੋਣ ਤੋਂ ਬਾਅਦ ਦੀ ਪਸ਼ੂਆਂ ਵਿਚ ਲੰਗੜਾਪਣ, ਹੌਂਕਣਾ ਅਤੇ ਦੁੱਧ ਦਾ ਸੁੱਕ ਜਾਣਾ ਵਰਗੀਆਂ ਅਲ੍ਹਾਮਤਾਂ ਰਹਿ ਜਾਂਦੀਆਂ ਹਨ ।

**ਬਿਮਾਰੀ ਦੀ ਪਛਾਣ** : ਬਿਮਾਰੀ ਦੇ ਲੱਛਣਾਂ ਤੋਂ ਇਸ ਬਿਮਾਰੀ ਦੀ ਪਛਾਣ ਕੀਤੀ ਜਾ ਸਕਦੀ ਹੈ । ਟਿਸ਼ੂ ਕਲਚਰ, ਓਲੀਸ਼ਅ ਅਤੇ ਪੀ.ਸੀ.ਆਰ ਵਰਗੇ ਟੈਸਟਾਂ ਨਾਲ ਬਿਮਾਰੀ ਦੀ ਪਛਾਣ ਕੀਤੀ ਜਾਂਦੀ ਹੈ । ਇਸ ਲਈ ਬਿਮਾਰ ਪਸ਼ੂ ਤੇ ਮੂੰਹ ਦੇ ਛਾਲਿਆਂ ਦੀ ਝਿਲੀ ਤੇ ਪਾਣੀ ਜਾਂ ਮੂੰਹ ਦੀਆਂ ਲਾਰਾਂ ਦਾ ਸੈਂਪਲ ਲੈਬੋਰਟਰੀ ਨੂੰ ਭੇਜਣਾ ਚਾਹੀਦਾ ਹੈ ।

**ਬਿਮਾਰੀ ਦੀ ਇਲਾਜ** : ਬਿਮਾਰੀ ਦੇ ਲੱਛਣਾਂ ਅਨੁਸਾਰ ਇਲਾਜ ਕੀਤਾ ਜਾਂਦਾ ਹੈ । ਮੂੰਹ ਦੇ ਛਾਲਿਆਂ ਨੂੰ ਲਾਲ ਦਵਾਈ ਦੇ ਘੋਲ (1:1000) ਨਾਲ ਧੋਇਆ ਜਾ ਸਕਦਾ ਹੈ ਅਤੇ ਬੋਰੋਗਲੈਸਰੀਨ 850 ਐਮ. ਐਲ. (ਗਲੈਸਰੀਨ) ਅਤੇ 120 ਗ੍ਰਾਮ ਬੋਰੈਕਸ ਲਗਾਈ ਜਾ ਸਕਦੀ ਹੈ । ਪੈਰਾਂ ਦੇ ਛਾਲਿਆਂ ਨੂੰ ਵੀ ਲਾਲ ਦਵਾਈ ਨਾਲ ਸਾਫ ਕੀਤਾ ਜਾ ਸਕਦਾ ਹੈ । ਸੈਕੰਡਰੀ ਬੈਕਟੀਰੀਅਲ ਇਨਫੈਕਸ਼ਨ ਤੋਂ ਬਚਾਉਣ ਲਈ ਐਂਟੀਬਾਇਓਟਿਕਸ ਲਗਾਏ ਜਾ ਸਕਦੇ ਹਨ । ਪਸ਼ੂਆਂ ਦੇ ਮੂੰਹ ਵਿਚ ਜਖਮ ਹੋਣ ਕਰਕੇ ਪਸ਼ੂਆਂ ਨੂੰ ਨਰਮ ਅਤੇ ਸੰਤੁਲਿਤ ਆਹਾਰ ਦੇਣਾ ਚਾਹੀਦਾ ਹੈ ।

**ਬਿਮਾਰੀ ਤੋਂ ਬਚਾਓ** :

★ ਸਰਦੀਆਂ ਸ਼ੁਰੂ ਹੋਣ ਤੋਂ ਪਹਿਲਾਂ, ਚਾਰ ਮਹੀਨੇ ਤੋਂ ਪਹਿਲਾਂ, ਚਾਰ ਮਹੀਨੇ ਤੋਂ ਵੱਡੀ ਉਮਰ ਦੇ ਸਾਰੇ ਪਸ਼ੂਆਂ ਨੂੰ ਬਿਮਾਰੀ ਤੋਂ ਬਚਾਓ ਲਈ ਹਰ 6 ਮਹੀਨੇ ਵਿਚ (ਦਸੰਬਰ-ਜਨਵਰੀ ਅਤੇ ਜੂਨ-ਜੁਲਾਈ) ਮੂੰਹ ਖੁਰ ਦੇ ਟੀਕੇ ਜ਼ਰੂਰ ਲਗਾਉਣੇ ਚਾਹੀਦੇ ਹਨ ਅਤੇ ਪਹਿਲੇ ਟੀਕੇ ਲੱਗਣ ਤੋਂ 3 ਹਫਤੇ ਬਾਅਦ ਬੂਸਟਰ ਟੀਕਾ ਲਗਾਉਣਾ ਯਕੀਨੀ ਬਣਾਉਣਾ ਚਾਹੀਦਾ ਹੈ ।

★ ਜਦੋਂ ਬਿਮਾਰੀ ਫੈਲੀ ਹੋਵੇ ਉਸ ਸਮੇਂ ਕੋਈ ਵੀ ਨਵਾਂ ਪਸ਼ੂ ਖਰੀਦਕੇ ਨਹੀਂ ਲਿਆਉਣਾ ਚਾਹੀਦਾ ਹੈ ਅਤੇ ਜਿਸ ਥਾਂ ਜਾਂ ਫਾਰਮ ਤੇ ਬਿਮਾਰੀ ਹੋਵੇ ਉਸ ਥਾਂ ਤੇ ਜਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਤਾਂ ਕਿ ਉਸ ਥਾਂ ਤੋਂ ਆਪਣੇ ਪਸ਼ੂਆਂ ਨੂੰ ਕੀਟਾਣੂ ਨਾ ਮਿਲ ਸਕਣ ।

★ ਬਿਮਾਰੀ ਨੂੰ ਫੈਲਣ ਤੋਂ ਬਚਾਉਣ ਲਈ 4% ਸੋਡੀਅਮ ਕਾਰਬੋਨੇਟ (400 ਗ੍ਰਾਮ ਸੋਡੀਅਮ ਕਾਰਬੋਨੇਟ 10 ਲੀਟਰ ਪਾਣੀ ਵਿਚ) ਜਾਂ 2% ਸੋਡੀਅਮ ਹਾਈਡ੍ਰੋਕਸਾਈਡ ਨਾਲ ਦਿਨ ਵਿਚ ਦੋ ਵਾਰ ਫਾਰਮ ਨੂੰ ਧੋਣਾ ਚਾਹੀਦਾ ਹੈ ਅਤੇ ਇਸ ਨੂੰ 10 ਦਿਨ ਤੱਕ ਦੋਹਰਾਣਾ ਚਾਹੀਦਾ ਹੈ ।

★ ਫਾਰਮ ਦੇ ਦਰਵਾਜ਼ੇ ਤੇ ਫੁੱਟਬਾਥ ਹੋਣਾ ਚਾਹੀਦਾ ਹੈ ਜਿਸ ਵਿਚ ਕੀਟਾਣੂ ਨਾਸ਼ਕ ਦਾ ਘੋਲ ਜਾਂ ਲਾਲ ਦਵਾਈ ਪਾਉਣੀ ਚਾਹੀਦੀ ਹੈ ।

**ਕੰਵਰਪਾਲ ਸਿੰਘ ਢਿੱਲੋਂ, ਬਿਕਰਮਜੀਤ ਸਿੰਘ, ਗੁਰਅੰਸ਼ਪ੍ਰੀਤ ਸਿੰਘ ਸੇਠੀ, ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ**
(ਮੋ. 99156-78787)

# ਗੁੜ-ਸ਼ੱਕਰ ਬਣਾਉਣ ਦੀ ਵਿਧੀ ਤੇ ਸੰਭਾਲ



ਸੁਰਜੀਤ ਸਿੰਘ ਰਾਏ
ਮੋਬਾ: 94171-27559

ਗੁੜ ਸਾਡੀ ਜ਼ਿੰਦਗੀ ਦਾ ਜ਼ਰੂਰੀ ਤੇ ਅਹਿਮ ਭੋਜਨ ਹੈ ਜਿਸ ਵਿਚ ਬਹੁਤ ਸਾਰੇ ਖੁਰਾਕੀ ਤੱਤ ਮੌਜੂਦ ਹਨ ਜੋ ਸਾਡੇ ਸਰੀਰ ਲਈ ਲਾਭਦਾਇਕ ਹਨ ।

**ਜ਼ਮੀਨ ਦੀ ਚੋਣ ਤੇ ਤਿਆਰੀ**

ਗੰਨੇ ਵਾਸਤੇ ਦਰਮਿਆਨੀ ਤੋਂ ਭਾਰੀ ਜ਼ਮੀਨ ਚਾਹੀਦੀ ਹੈ ਕਿਉਂਕਿ ਗੰਨੇ ਦੀ ਫਸਲ ਦੋ-ਤਿੰਨ ਸਾਲ ਗੰਨੇ ਦੇ ਫੁਟਾਰੇ ਮੁਤਾਬਿਕ ਰੱਖ ਸਕਦੇ ਹਾਂ । ਗੰਨੇ ਦੀ ਬਿਜਾਈ ਵਾਲੇ ਖੇਤ ਵਿਚ ਸਭ ਤੋਂ ਪਹਿਲਾਂ ਹਰੀ ਖਾਦ ਵਾਹੋ । ਫਿਰ ਉਸ ਖੇਤੀ ਵਿਚ ਛੇ ਤੋਂ ਅੱਠ ਟਰਾਲੀਆਂ ਪ੍ਰਤੀ ਏਕੜ ਦੇ ਹਿਸਾਬ ਨਾਲ ਪਸ਼ੂਆਂ ਦਾ ਗੋਬਰ ਪਾਓ ਤੇ ਜ਼ਮੀਨ ਨੂੰ ਵਾਹ ਕੇ ਸੁਹਾਗਾ ਮਾਰ ਕੇ ਚੰਗੀ ਤਰ੍ਹਾਂ ਬਾਰੀਕ ਕਰ ਲਓ ।

**ਗੰਨੇ ਦੀ ਬਿਜਾਈ** : ਗੰਨੇ ਦੀ ਬਿਜਾਈ ਦਾ ਸਭ ਤੋਂ ਵਧੀਆ ਸਮਾਂ ਅੱਧ ਫਰਵਰੀ ਤੋਂ ਮਾਰਚ ਅਖੀਰ ਤੱਕ ਹੈ ਤੇ ਪਤਝੜ ਰੁੱਤ ਦਾ ਗੰਨਾ 20 ਸਤੰਬ ਰ ਤੋਂ 20 ਅਕਤੂਬਰ ਤੱਕ ਬੀਜਿਆ ਜਾ ਸਕਦਾ ਹੈ । ਪਲਾਂਟਰ ਨਾਲ ਖਾਲੀਆਂ ਬਣਾ ਕੇ ਉਨ੍ਹਾਂ ਵਿਚ ਗੰਨੇ ਦੇ ਬੀਜ ਨੂੰ ਬੀਜ ਅੰਮ੍ਰਿਤ ਵਿਚ ਸੋਧ ਕੇ ਬਿਜਾਈ ਕਰੋ ਬਿਜਾਈ ਤੋਂ ਬਾਅਦ ਖਾਲੀਆਂ ਨੂੰ ਬੰਦ ਕਰਕੇ ਪਾਣੀ ਲਗਾ ਦਿਓ । ਹਮੇਸ਼ਾਂ ਸਿਹਤਮੰਦ, ਬਿਮਾਰੀ ਰਹਿਤ ਗੰਨੇ ਦਾ ਬੀਜ ਪਾਓ ਅਤੇ ਸਮੇਂ ਸਿਰ ਗੰਨਾ ਬੀਜੋ ਤਾਂ ਕਿ ਵੱਧ ਤੋਂ ਵੱਧ ਝਾੜ ਪ੍ਰਾਪਤ ਕੀਤਾ ਜਾ ਸਕੇ । ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਸਿਫਾਰਿਸ਼ ਕੀਤੀਆਂ ਕਿਸਮਾਂ ਹੀ ਬੀਜਣੀਆਂ ਚਾਹੀਦੀਆਂ ਹਨ ।

**ਨਦੀਨ ਪ੍ਰਬੰਧਨ** : ਨਦੀਨਾਂ ਦੇ ਖਾਤਮੇ ਲਈ ਜੈਵਿਕ ਗੰਨੇ ਦੀ ਗੋਡੀ ਜਾਂ ਪਰਾਲੀ ਆਦਿ ਨਾਲ ਮਲਚਿੰਗ ਕਰਨੀ ਚਾਹੀਦੀ ਹੈ । ਮਲਚਿੰਗ ਕਰਨ ਨਾਲ ਪਾਣੀ ਦੀ ਬੱਚਤ ਵੀ ਹੁੰਦੀ ਹੈ ਕਿਉਂਕਿ ਖੇਤ ਵਿਚ ਨਮੀਂ ਦੀ ਮਾਤਰਾ ਜ਼ਿਆਦਾ ਸਕੇਂ ਤੱਕ ਬਣੀ ਰਹਿੰਦੀ ਹੈ । ਵਧੀਆ ਗੁੜ ਸ਼ੱਕਰ ਬਣਾਉਣ ਵਾਸਤੇ ਗੰਨੇ ਦੀਆਂ ਕਿਸਮਾਂ : ਸੀ ਓ ਜੇ-64, ਸੀ ਓ ਜੇ-85, ਸੀ ਓ ਜੇ-88, ਸੀ ਓ ਪੀ ਬੀ-118, ਸੀ ਓ-15023 ਆਦਿ ਕਿਸਮਾਂ ਪੰਜਾਬ ਵਿਚ ਬੀਜੀਆਂ ਜਾ ਸਕਦੀਆਂ ਹਨ । ਇਨ੍ਹਾਂ ਕਿਸਮਾਂ ਦਾ ਗੁੜ ਸ਼ੱਕਰ ਵਧੀਆ ਬਣਦਾ ਹੈ ।

**ਬਿਮਾਰੀਆਂ ਤੇ ਕੀੜੇ-ਮਕੌੜੇ**

ਮੁਰਝਾਉਣਾ ਜਾਂ ਸੋਕਾ, ਕਾਂਗਿਆਰੀ, ਸਿਉਂਕ, ਅਗੇਤੀ ਫੋਟ ਦਾ ਗੜੂੰਆਂ, ਰੱਤਾ ਰੋਗ ਆਦਿ ਬਿਮਾਰੀਆਂ ਲੱਗਦੀਆਂ ਹਨ । ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਜੈਵਿਕ ਤਰੀਕੇ ਨਾਲ ਬਚਣ ਲਈ ਨਿੰਮ ਜਾਤੀ ਦੇ ਬੂਟਿਆਂ ਦੇ ਪੱਤਿਆਂ ਤੋਂ ਘੋਲ ਤਿਆਰ ਕਰਕੇ ਉਸ ਦੀ ਸਪਰੇਅ ਕਰੋ । ਉੱਲੀ ਰੋਗ ਤੋਂ ਖੱਟੀ ਲੱਸੀ ਅਤੇ ਵਾਇਰਸ ਰੋਗ ਤੋਂ ਕੱਚਾ ਦੁੱਧ ਅਤੇ ਹਲਦੀ ਦੀ ਸਪਰੇਅ ਕਰਨੀ ਚਾਹੀਦੀ ਹੈ । ਗੰਨੇ ਦੀ ਫਸਲ ਨੂੰ ਡਿੱਗਣ ਤੋਂ ਬਚਾਉਣ ਲਈ ਗੰਨੇ ਦੀਆਂ ਲਾਈਨਾਂ ਦੇ ਨਾਲ ਨਾਲ ਮਈ ਜੂਨ ਵਿਚ ਮਿੱਟੀ ਝੜਾਓ ਤੇ ਅਗਸਤ ਸਤੰਬਰ ਮਹੀਨੇ ਗੰਨੇ ਨੂੰ ਬੰਨ੍ਹ ਦਿਓ ।

**ਗੰਨਾ ਪੱਕਣ ਦਾ ਸਮਾਂ**

ਲਗਭਗ 15 ਨਵੰਬਰ ਤੋਂ ਬਾਅਦ ਗੰਨੇ ਵਿਚ ਗੁੜ ਸ਼ੱਕਰ ਬਣਾਉਣ ਵਾਸਤੇ ਲੋੜ ਮੁਤਾਬਿਕ ਮਿਠਾਸ ਆ ਜਾਂਦੀ ਹੈ । ਇਸ ਕਰਕੇ ਗੁੜ ਹਮੇਸ਼ਾਂ 15 ਨਵੰਬਰ ਤੋਂ ਬਾਅਦ ਹੀ ਬਣਾਉਣਾ ਸ਼ੁਰੂ ਕਰੋ । ਗੁੜ ਦੀ ਕੁਆਲਟੀ ਤੇ ਰਿਕਵਰੀ ਗੰਨੇ ਦੇ ਰਸ ਦੇ ਮਿੱਠਿਪਨ ਉੱਤੇ ਨਿਰਭਰ ਕਰਦੀ ਹੈ । ਜੇ ਗੰਨੇ ਦੇ ਰਸ ਵਿਚ 17 ਤੋਂ 20% (ਫੀਸਦੀ) ਮਿੱਠਾਪਨ ਹੈ ਤਾਂ ਵਧੀਆ ਗੁੜ ਬਣੇਗਾ । ਬਹੁਤ ਸਾਰੇ ਪ੍ਰਵਾਸੀ ਮਜ਼ਦੂਰ ਪੰਜਾਬ ਵਿਚ ਆ ਕੇ 15 ਅਕਤੂਬਰ ਦੇ ਆਸ ਪਾਸ ਹੀ ਗੁੜ ਬਣਾਉਣਾ ਸ਼ੁਰੂ ਕਰ ਦਿੰਦੇ ਹਨ । ਉਸ ਸਮੇਂ ਗੰਨੇ ਦੇ ਰਸ 'ਚ ਮਿੱਠਾਪਨ ਬਹੁਤ ਹੀ ਘੱਟ ਹੁੰਦਾ ਹੈ ਜਿਸ ਕਰਕੇ ਉਹ ਗੰਨੇ ਦੇ ਰਸ ਵਿਚ ਖੰਡ ਤੇ ਕੈਮੀਕਲ ਮਿਲਾ ਕੇ ਗੁੜ ਸ਼ੱਕਰ ਤਿਆਰ ਕਰਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ ਜੋ ਗਲਤ ਹੈ ।

**ਗੁੜ ਬਣਾਉਣ ਦਾ ਤਰੀਕਾ**

ਇੱਕ ਕੁਇੰਟਲ ਗੰਨੇ ਵਿੱਚੋਂ ਲਗਭਗ 50-60 ਲੀਟਰ ਰਸ ਮਿਲੇਗਾ । ਉਸ ਵਿਚ ਸੁਖਲਾਈ, ਜੰਗਲੀ ਭਿੰਡੀ ਦੇ ਤਣੇ ਦਾ ਛਿਲਕਾ ਤੇ ਫਾਲਸਾ ਦਾ ਛਿਲਕਾ ਆਦਿ ਦਾ ਘੋਲ ਬਣਾ ਕੇ ਉੱਕਤ ਰਸ ਵਿਚ ਇਕ ਲਿਟਰ ਪਾਓ ਇਸ ਨਾਲ ਮੈਲ ਵਧੀਆ ਤਰੀਕੇ ਨਾਲ ਗੰਨੇ ਦੇ ਰਸ 'ਚੋਂ ਨਿਕਲ ਜਾਵੇਗੀ । ਸ਼ੱਕਰ ਬਣਾਉਣ ਲਈ ਗੰਨੇ ਦੇ ਰਸ ਨੂੰ 120-122 ਡਿਗਰੀ ਸੈਂਟੀਗਰੇਡ ਤਾਪਮਾਨ ਤੱਕ ਗਰਮ ਕਰਨਾ ਚਾਹੀਦਾ ਹੈ ਤੇ ਉਬਲਦੇ ਹੋਏ ਰਸ ਦਾ ਤਾਪਮਾਨ ਜਦੋਂ 114-116 ਡਿਗਰੀ ਸੈਂਟੀਗਰੇਡ ਹੋ ਜਾਂਦਾ ਹੈ ਤਾਂ ਸੰਘਣਾ ਰਸ ਗੁੜ ਬਣਾਉਣ ਲਈ ਪੱਕ ਕੇ ਤਿਆਰ ਹੋ ਜਾਂਦਾ ਹੈ ਤਾਂ ਉਸ ਤੋਂ ਬਾਅਦ ਉਸਨੂੰ ਕੜਾਹੇ ਵਿੱਚੋਂ ਕੱਢ ਕੇ ਲੋਏ ਜਾਂ ਲੱਕੜ ਦੇ ਗੰਡ (ਚੱਕ) ਵਿਚ ਕੱਢ ਲਓ ਅਤੇ ਰੰਬਾ (ਖੁਰਪਾ) ਨਾਲ ਉਸਨੂੰ ਚੰਡ ਲਓ ਭਾਵ ਕਿ ਉਸ ਨੂੰ 3 ਤੋਂ 5 ਮਿੰਟ ਹਿਲਾ ਲਓ ਉਸ ਤੋਂ ਬਾਅਦ ਭੇਲੀਆਂ (ਪੇਸੀਆਂ) ਜਾਂ ਟੁਕੜੀਆਂ ਬਣਾ ਲਓ । ਮੌਸਤ ਅਤੇ ਗੰਨੇ ਦੀ ਕਿਸਮ ਦੇ ਮੁਤਾਬਿਕ ਇਕ ਪੱਤ (60 ਲਿਟਰ ਗੰਨੇ ਦੇ ਰਸ) ਵਿੱਚੋਂ ਲਗਭਗ 12-14 ਕਿਲੋ ਗੁੜ ਪ੍ਰਾਪਤ ਹੋ ਜਾਂਦਾ ਹੈ । ਗੁੜ ਬਣਾਉਣ ਲਈ ਗੰਨੇ ਦੀ ਕਟਾਈ ਤੋਂ ਬਾਅਦ ਲਗਭਗ 48 ਘੰਟੇ ਦੇ ਵਿੱਚ-ਵਿੱਚ ਗੁੜ ਬਣਾ ਲੈਣਾ ਚਾਹੀਦਾ ਹੈ । ਨਹੀਂ ਤਾਂ ਗੁੜ ਦੀ ਕੁਆਲਿਟੀ 'ਤੇ ਘਟੀਆ ਅਸਰ ਪਵੇਗਾ ।

**ਗੁੜ ਦੀ ਪੈਕਿੰਗ ਤੇ ਸਟੋਰ ਕਰਨਾ**

ਗੁੜ ਨੂੰ ਚੰਗੀ ਤਰ੍ਹਾਂ ਸੁਕਾ ਕੇ ਜਦੋਂ ਉਸ ਵਿੱਚ 5 ਤੋਂ 7 ਪ੍ਰਤੀਸ਼ਤ ਨਮੀਂ ਰਹਿ ਜਾਵੇ ਤਾਂ ਉਸਨੂੰ ਘਰੇਲੂ ਤੌਰ 'ਤੇ ਪਲਾਸਟਿਕ ਦੇ ਡਰੰਮ, ਲੋਹੇ ਦੇ ਡਰੰਮ, ਲੱਕੜ ਤੇ ਮਾਈਕਾ 0.7 ਐਮ ਐਮ ਅਤੇ 0.8 ਐਮ ਐਮ ਦੀਆਂ ਪੇਟੀਆਂ, ਮਿੱਟੀ ਦੇ ਪਕਾਏ ਹੋਏ ਬਰਤਨ, ਗੱਤੇ ਦੀਆਂ ਪੇਟੀਆਂ ਜਾਂ ਬੋਰੀਆਂ ਵਿਚ ਪਾ ਕੇ ਨਮੀਂ ਰਹਿਤ ਕਮਰੇ ਵਿਚ ਸਟੋਰ ਕਰ ਸਕਦੇ ਹਾਂ । ਗੁੜ ਬਣਾਉਣ ਦਾ ਸਹੀ ਢੰਗ ਅਤੇ ਇਸਦੀ ਕੁਆਲਟੀ ਨੂੰ ਬਚਾਈ ਰੱਖਣ ਲਈ ਇਸ ਦੀ ਸਹੀ ਪੈਕਿੰਗ ਅਤੇ ਇਸਨੂੰ ਸਟੋਰ ਕਰਨ ਦਾ ਤਰੀਕਾ ਸਹੀ ਹੋਣਾ ਚਾਹੀਦਾ ਹੈ ਤਾਂ ਕਿ ਇਸ ਨੂੰ ਨਮੀਂ, ਧੂੜ-ਮਿੱਟੀ, ਕੀੜੇ-ਮਕੌੜੇ ਆਦਿ ਤੋਂ ਬਚਾਇਆ ਜਾ ਸਕੇ । ਇਸ ਲਈ ਗੁੜ ਦੀ ਲੰਬੇ ਸਮੇਂ ਤੱਕ ਸੁਰੱਖਿਅਤ ਰਹਿਣ ਦੀ ਸਮਰੱਥਾ ਗੁੜ੍ਹ ਦੀ ਨਮੀਂ, ਸਟੋਰ ਦਾ ਵਾਤਾਵਰਣ, ਤਾਪਮਾਨ ਅਤੇ ਸਿੱਲ ਉੱਤੇ ਨਿਰਭਰ ਕਰਦੀ ਹੈ । ਗੁੜ ਨੂੰ ਸਟੋਰ ਕਰਨ ਵਾਲਾ ਡਰੰਮ ਜਾਂ ਮਿੱਟੀ ਦੇ ਪਕਾਏ ਹੋਏ ਵੱਡੇ ਬਰਤਨਾਂ ਨੂੰ ਕੰਧ ਤੋਂ ਘੱਟੋ ਘੱਟ ਇੱਕ ਫੁੱਟ ਦੂਰ 'ਤੇ ਧਰਤੀ ਤੋਂ ਇੱਕ ਫੁੱਟ ਉੱਚਾ ਰੱਖਣਾ ਚਾਹੀਦਾ ਹੈ ਤਾਂ ਕਿ ਗੁੜ ਸ਼ੱਕਰ ਨੂੰ ਸਲਾਭ (ਸਿੱਲ) ਨਾ ਆ ਸਕੇ ।

**ਗੁੜ ਦੇ ਫਾਇਦੇ**

ਗੁੜ ਵਿੱਚ ਕੈਲਸ਼ੀਅਮ, ਪੋਟੀਸ਼ੀਅਮ, ਮੈਗਨੀਸ਼ੀਅਮ, ਆਇਰਨ ਆਦਿ ਖੁਰਾਕੀ ਤੱਤ ਹੁੰਦੇ ਹਨ ਜੋ ਕਿ ਸਿਹਤ ਲਈ ਬਹੁਤ ਹੀ ਗੁਣਕਾਰੀ ਹੁੰਦੇ ਹਨ ਤੇ ਇਕੱਲਾ ਗੁੜ ਖਾਣ ਦੇ ਨਾਲ ਸਾਨੂੰ ਉੱਪਰ ਲਿਖੇ ਸਾਰੇ ਤੱਤ ਮਿਲਦੇ ਹਨ । ਇਸ ਕਰਕੇ ਹਰ ਮਨੁੱਖ ਨੂੰ ਖਾਣਾ ਖਾਣ ਤੋਂ ਬਾਅਦ ਲੋੜ ਮੁਤਾਬਕ ਗੁੜ ਜ਼ਰੂਰ ਖਾਣਾ ਚਾਹੀਦਾ ਹੈ ਜਿਸ ਨਾਲ ਸਾਡੀ ਪਾਚਨ ਸ਼ਕਤੀ ਨੂੰ ਵੀ ਤਾਕਤ ਮਿਲਦੀ ਹੈ । ਰੋਜ਼ਾਨਾ ਹੀ ਸਾਨੂੰ ਗੁੜ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ । ਪੁਰਾਣੇ ਸਮੇਂ ਵਿੱਚ ਜਦੋਂ ਖੰਡ ਦੀ ਵਰਤੋਂ ਨਹੀਂ ਹੁੰਦੀ ਸੀ ਤਾਂ ਲੋਕ ਚਾਹ ਤੇ ਦੁੱਧ, ਪਿੰਨੀਆਂ 'ਚ ਗੁੜ ਸ਼ੱਕਰ ਹੀ ਪਾਉਂਦੇ ਸਨ ਜਿਸ ਕਰਕੇ ਸ਼ੂਗਰ ਵਰਗੀਆਂ ਭਿਆਨਕ ਬਿਮਾਰੀਆਂ ਨਹੀਂ ਸੀ । ਤਰਲ ਕੈਲਸ਼ੀਅਮ ਬਾਜ਼ਾਰ ਤੋਂ ਖਰੀਦ ਕੇ ਪਸ਼ੂਆਂ ਨੂੰ ਦੇਣ ਦੀ ਬਜਾਏ ਹਰ ਦਸ ਦਿਨ ਬਾਦ ਦੁਧਾਰੂ ਪਸ਼ੂ ਨੂੰ ਘੱਟੋ ਘੱਟ 150-200 ਗ੍ਰਾਮ ਗੁੜ ਤੇ ਛੋਟੇ ਪਸ਼ੂ ਨੂੰ 50-100 ਗ੍ਰਾਮ ਦੇਣਾ ਚਾਹੀਦਾ ਹੈ । ਇਸ ਤਰ੍ਹਾਂ ਪਸ਼ੂਆਂ 'ਚ ਕੈਲਸ਼ੀਅਮ ਤੇ ਉੱਪਰ ਲਿਖੇ ਦੂਜੇ ਤੱਤਾਂ ਦੀ ਕਮੀਂ ਨਹੀਂ ਆਵੇਗੀ ਤੇ ਬਾਜ਼ਾਰੀ ਕੈਲਸ਼ੀਅਮ ਨਾਲੋਂ ਪਸ਼ੂਆਂ ਨੂੰ ਗੁੜ ਦੇਣਾ ਸਸਤਾ ਵੀ ਪਵੇਗਾ ।

**ਕਿਸਾਨ ਵੀਰਾਂ ਨੂੰ ਬੇਨਤੀ**

ਗੰਨੇ ਤੋਂ ਇਕੱਲਾ ਗੁੜ ਸ਼ੱਕਰ ਹੀ ਨਹੀਂ ਮਿਲਦਾ ਸਗੋਂ ਪਸ਼ੂਆਂ ਲਈ ਹਰਾ ਚਾਰਾ ਵੀ ਮਿਲਦਾ ਹੈ ਅਤੇ ਗੰਨੇ ਦਾ ਰਸ ਕੱਢੇ ਹੋਏ ਫੋਟਕ (ਪੀੜ) ਨੂੰ ਸੁਕਾ ਕੇ ਉਸ ਨਾਲ ਅੱਗ ਬਾਲੀ ਜਾ ਸਕਦੀ ਹੈ । ਗੰਨੇ ਦੀ ਫਸਲ ਨੂੰ ਪਾਣੀ ਵੀ ਬਹੁਤ ਘੱਟ ਲੱਗਦਾ ਹੈ । ਇਸ ਲਈ ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਝੋਨੇ ਦੀ ਖੇਤੀ ਨੂੰ ਘਟਾ ਕੇ ਗੰਨੇ ਹੇਠ ਰਕਬਾ ਵਧਾ ਕੇ ਬਿਨ੍ਹਾਂ ਕੈਮੀਕਲ ਅਤੇ ਖਾਦਾਂ ਤੋਂ ਸ਼ੁੱਧ ਗੁੜ ਸ਼ੱਕਰ ਬਣਾ ਕੇ ਸਮਾਜ ਨੂੰ ਤੰਦਰੁਸਤੀ ਦਿੱਤੀ ਜਾਵੇ ਅਤੇ ਧਰਤੀ ਹੇਠਲਾ ਅਨਮੋਲ ਰਤਨ (ਵਡਮੁੱਲਾ ਪਾਣੀ) ਵੀ ਬਚਾਇਆ ਜਾ ਸਕੇ । ਸੋ ਆਓ ! ਖੇਤਾਂ 'ਚੋਂ ਜ਼ਹਿਰਾਂ ਭਜਾਈਏ, ਤੰਦਰੁਸਤੀ ਦਾ ਸਭ ਨੂੰ ਰਾਹ ਦਿਖਾਈਏ' ਜ਼ਹਿਰ ਮੁਕਤ ਸ਼ੁੱਧ ਗੁੜ ਸ਼ੱਕਰ ਬਣਾਈਏ, ਵਿਛੜੇ ਸਮਾਜ ਨੂੰ ਫਿਰ ਤੋਂ ਸ਼ੁੱਧ ਗੁੜ-ਸ਼ੱਕਰ ਨਾਲ ਮਿਲਾਈਏ ।

# ਨਾਸ਼ਪਾਤੀ ਦੇ ਬਾਗਾਂ ਤੋਂ ਵਧੇਰੇ ਝਾੜ ਲੈਣ ਲਈ ਜ਼ਰੂਰੀ ਨੁਕਤੇ

ਮਨਦੀਪ ਸਿੰਘ ਗਿੱਲ, ਨਵਪ੍ਰੇਮ ਸਿੰਘ ਅਤੇ ਪਰਮਪਾਲ ਸਿੰਘ,
ਫ਼ਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94634-05515)

**ਨਾਸ਼ਪਾਤੀ ਦੇ ਬੂਟਿਆਂ ਤੋਂ ਨਿਰੰਤਰ ਚੰਗਾ ਝਾੜ ਅਤੇ ਮਿਆਰੀ ਫ਼ਲ ਲੈਣ ਲਈ ਬੂਟਿਆਂ ਦੀ ਸ਼ੁਰੂ ਤੋਂ ਹੀ ਚੰਗੀ ਸਿਧਾਈ, ਖ਼ੁਰਾਕੀ ਪ੍ਰਬੰਧ, ਅੰਤਰ ਫ਼ਸਲਾਂ ਦੀ ਕਾਸ਼ਤ ਅਤੇ ਸਿੰਚਾਈ ਆਦਿ ਦਾ ਖਾਸ ਤੌਰ ਤੇ ਧਿਆਨ ਰੱਖਣਾ ਚਾਹੀਦਾ ਹੈ। ਸ਼ੁਰੂ ਵਿੱਚ ਕੀਤੀ ਹੋਈ ਕੋਈ ਵੀ ਗਲਤੀ ਨਾਲ ਬਾਗ ਦੀ ਪੈਦਾਵਾਰ ਅਤੇ ਆਮਦਨ ਪ੍ਰਭਾਵਿਤ ਹੁੰਦੀਆਂ ਹਨ। ਨਾਸ਼ਪਾਤੀ ਦੇ ਬਾਗਾਂ ਤੋਂ ਵਧੇਰੇ ਝਾੜ ਲੈਣ ਲਈ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।**



**ਸਿਧਾਈ ਤੇ ਕਾਂਟ-ਛਾਂਟ :** ਨਾਸ਼ਪਾਤੀ ਦੇ ਬੂਟੇ ਜਨਵਰੀ ਤੋਂ ਫਰਵਰੀ ਦੇ ਪਹਿਲੇ ਪੰਦਰਵਾੜੇ ਤੱਕ ਲਗਾਏ ਜਾ ਸਕਦੇ ਹਨ। ਬੂਟਿਆਂ ਦੀ ਸਿਧਾਈ ਬੂਟੇ ਨੂੰ ਖੇਤ ਵਿੱਚ ਲਗਾਉਣ ਉਪਰੰਤ ਹੀ ਸ਼ੁਰੂ ਹੋ ਜਾਂਦੀ ਹੈ। ਸਿਧਾਈ ਨਾਲ ਬੂਟੇ ਦੇ ਵਾਧੇ ਨੂੰ ਸਾਧ ਕੇ ਮਜ਼ਬੂਤ ਢਾਂਚਾ ਬਣਾਉਣ ਵਿੱਚ ਮੱਦਦ ਮਿਲਦੀ ਹੈ। ਇਸ ਤਰ੍ਹਾਂ ਬੂਟਿਆਂ ਅੰਦਰ ਯੋਗ ਰੋਸ਼ਨੀ ਪਹੁੰਚਦੀ ਹੈ ਅਤੇ ਛਤਰੀ ਦਾ ਫੈਲਾਅ ਵੀ ਸਹੀ ਅਕਾਰ ਵਿੱਚ ਰਹਿੰਦਾ ਹੈ। ਇਸ ਤਰ੍ਹਾਂ ਬੂਟਿਆਂ ਉੱਪਰ ਕੀਟਨਾਸ਼ਕ ਅਤੇ ਉੱਲੀਨਾਸ਼ਕਾਂ ਦੀ ਸਪਰੇਅ ਕਰਨ ਲਈ ਤੁੜਾਈ ਵਿੱਚ ਅਸਾਨੀ ਰਹਿੰਦੀ ਹੈ। ਪੱਤਝੜੀ ਫ਼ਲਦਾਰ ਬੂਟਿਆਂ ਨੂੰ ਸਦਾਬਹਾਰ ਬੂਟਿਆਂ ਦੇ ਮੁਕਾਬਲੇ ਜ਼ਿਆਦਾ ਸਿਧਾਈ ਅਤੇ ਕਾਂਟ-ਛਾਂਟ ਦੀ ਜ਼ਰੂਰਤ ਰਹਿੰਦੀ ਹੈ। ਨਵੇਂ ਲਗਾਏ ਫ਼ਲਦਾਰ ਬੂਟਿਆਂ ਦੇ ਗੁੱਲੇ, ਝੁਕੀਆਂ ਹੋਈਆਂ ਟਾਹਣੀਆਂ ਅਤੇ ਪਿਉਂਦ ਦੇ ਥੱਲਿਉਂ ਫੁਟਾਰਾ ਕੱਟਣ ਤੱਕ ਹੀ ਸਿਧਾਈ ਦੀ ਲੋੜ ਹੁੰਦੀ ਹੈ। ਬਾਗਬਾਨ ਅਕਸਰ ਦੋ ਸਾਲ ਦੇ ਬੂਟੇ ਖੇਤ ਵਿੱਚ ਲਗਾਉਂਦੇ ਹਨ ਅਤੇ ਜੇਕਰ ਬੂਟਿਆਂ ਦੀ ਚੰਗੀ ਤਰ੍ਹਾਂ ਸਿਧਾਈ ਨਾ ਕੀਤੀ ਹੋਵੇ ਤਾਂ ਅਜਿਹੇ ਬੂਟੇ ਉੱਪਰਲੀਆਂ ਅੱਖਾਂ ਤੋਂ ਫੁਟਦੇ ਹਨ। ਅਜਿਹੇ ਬੂਟਿਆਂ ਨੂੰ ਫ਼ਲ ਵੀ ਲੇਟ ਲੱਗਦਾ ਹੈ ਅਤੇ ਲੰਬੂਤਰਾ ਅਕਾਰ ਬਣ ਜਾਂਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਬੂਟੇ ਖੇਤ ਵਿੱਚ ਲਗਾਉਂਦੇ ਸਮੇਂ ਜ਼ਮੀਨ ਦੇ ਪੱਧਰ ਤੋਂ 1.5 ਫੁੱਟ ਦੀ ਉਚਾਈ ਤੱਕ ਕੋਈ ਸ਼ਾਖਾ ਨਾ ਰਹਿਣ ਦਿਉ। ਦੂਜੇ ਸਾਲ ਬੂਟਿਆਂ ਦੀ ਸਿਥਲ ਅਵਸਥਾ (ਦਸੰਬਰ ਮਹੀਨਾ) ਦੌਰਾਨ ਵਿਚਕਾਰਲੀ ਸਭ ਤੋਂ ਲੰਮੀ ਟਹਿਣੀ ਨੂੰ ਉਸਦੇ ਉੱਪਰਲੇ ਕੱਚੇ ਭਾਗ ਦੇ ਸ਼ੁਰੂ ਤੋਂ ਕੱਟ ਦੇਵੋ। ਇਸ ਤੋਂ ਇਲਾਵਾ, ਕਮਜ਼ੋਰ ਅਤੇ ਇੱਕ ਦੂਜੇ ਨੂੰ ਕੱਟਦੀਆਂ ਸ਼ਾਖਾਵਾਂ ਮੁੱਢੋਂ ਕੱਟ ਦੇਣੀਆਂ ਜ਼ਰੂਰੀ ਹਨ। ਜੇਕਰ ਚੁਣੀਆਂ ਹੋਈਆਂ ਟਾਹਣੀਆਂ ਨੂੰ ਸੇਬੇ ਨਾਲ ਬੰਨ੍ਹ ਕੇ ਜ਼ਮੀਨ ਤੇ ਬੰਨ੍ਹ ਦਿੱਤਾ ਜਾਵੇ ਤਾਂ ਇਨ੍ਹਾਂ ਟਾਹਣੀਆਂ ਤੋਂ ਵਧੇਰੇ ਸ਼ਾਖ਼ਾਵਾਂ ਨਿਕਲਣ ਵਿੱਚ ਮਦਦ ਮਿਲਦੀ ਹੈ। ਤੀਜੇ ਸਾਲ ਦੀ ਸਿਧਾਈ ਦੌਰਾਨ ਦੂਜੇ ਸਾਲ ਦੀ ਕਟਾਈ ਸਮੇਂ ਰੱਖੀਆਂ ਟਾਹਣੀਆਂ ਨੂੰ ਨਵੀਆਂ ਸ਼ਾਖਾਵਾਂ ਫੁੱਟਣ ਲਈ ਛੱਡ ਦੇਣਾ ਚਾਹੀਦਾ ਹੈ। ਚੌਥੇ ਅਤੇ ਪੰਜਵੇਂ ਸਾਲ ਦੌਰਾਨ, ਅੱਗੇ ਤੋਂ ਅੱਗੇ ਵੱਧਣ ਵਾਲੀਆਂ ਸ਼ਾਖਾਵਾਂ ਨੂੰ ਕੱਟ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਵਿਚਕਾਰਲੀ ਛੱਡੀ ਹੋਈ ਟਾਹਣੀ ਨੂੰ ਕੱਟ ਦਿਉ ਤਾਂ ਕਿ ਬੂਟੇ ਦਾ ਫੈਲਾਅ ਬਾਹਰ ਵੱਲ ਹੋ ਸਕੇ ਅਤੇ ਬੂਟਾ ਚੰਗੀ ਛਤਰੀ ਬਣ ਸਕੇ। ਕਾਂਟ-ਛਾਂਟ ਦੌਰਾਨ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਸ਼ਾਖਾਵਾਂ ਤੇ ਬਾਹਰ ਵੱਲ ਨੂੰ ਅੱਖ ਦੇ ਉੱਪਰੋਂ ਹੀ ਕੱਟੋ। ਇਸ ਤਰ੍ਹਾਂ ਕਰਨ ਨਾਲ ਬੂਟੇ ਦੇ ਫੈਲਾਅ ਅਤੇ ਛਤਰੀ ਵਿੱਚ ਵਾਧਾ ਬਾਹਰ ਵੱਲ ਹੁੰਦਾ ਹੈ। ਨਾਸ਼ਪਾਤੀ ਦੇ ਪੁਰਾਣੇ ਅਤੇ ਫ਼ਲ ਦਿੰਦੇ ਬੂਟਿਆਂ ਦੀ ਕਾਂਟ-ਛਾਂਟ ਦੌਰਾਨ ਸੁੱਕੀਆਂ ਅਤੇ ਬਿਮਾਰ ਸ਼ਾਖਾਵਾਂ ਨੂੰ ਕੱਟ ਕੇ ਵਿਰਲਾ ਕਰਨਾ ਚਾਹੀਦਾ ਹੈ ਤਾਂ ਜੋ ਨਵੀਆਂ ਸ਼ਾਖਾਵਾਂ ਦੁਬਾਰਾ ਫੁੱਟ ਸਕਣ। ਇਸ ਤੋਂ ਇਲਾਵਾ ਬੂਟਿਆਂ ਉੱਤੇ ਫੁੱਟਣ ਵਾਲੇ ਗੁੱਲੇ ਜਾਂ ਲਾਗਰਾਂ ਨੂੰ ਮੁੱਢ ਤੋਂ ਕੱਟਦੇ ਰਹੋ। ਜੇਕਰ ਇਹ ਬੂਟੇ ਦੀ ਖਾਲੀ ਜਗ੍ਹਾ ਤੋਂ ਫੁੱਟਣ ਤਾਂ ਇਨ੍ਹਾਂ ਨੂੰ ਇੱਕ ਜਾਂ ਦੋ ਅੱਖ ਤੋਂ ਕੱਟ ਕੇ ਨਵੀਂ ਸ਼ਾਖ ਦੇ ਤੌਰ ਤੇ ਰੱਖ ਲੈਣਾ ਚਾਹੀਦਾ ਹੈ। ਨਾਸ਼ਪਾਤੀ ਦਾ ਫ਼ਲ ਖੁੰਗਿਆਂ ਉੱਪਰ ਲੱਗਦਾ ਹੈ ਜੋ ਲਗਾਤਾਰ 8 ਸਾਲ ਫ਼ਲ ਦਿੰਦੇ ਹਨ। ਇਸ ਲਈ ਕਾਂਟ-ਛਾਂਟ ਕਰਦੇ ਸਮੇਂ ਜਾਂ ਫਿਰ ਫ਼ਲ ਤੋੜਨ ਵੇਲੇ ਇਨ੍ਹਾਂ ਨੂੰ ਨੁਕਸਾਨ ਤੋਂ ਬਚਾਉਣਾ ਚਾਹੀਦਾ ਹੈ। ਪੰਜਾਬ ਵਿੱਚ ਨਾਸ਼ਪਾਤੀ ਦੇ ਕੁੱਝ ਬਾਗ ਬਟਾਂਕਾਂ (ਜੜਵੇ) ਜੜ੍ਹ ਮੁੱਢ ਤੇ ਲੱਗੇ ਹਨ ਜਿਸ ਤੋਂ ਹਰ ਸਾਲ ਜੜ੍ਹਾਂ ਵਿੱਚੋਂ ਨਵੀਆਂ ਬਟਾਂਕਾ ਨਿਕਲਦੀਆਂ ਰਹਿੰਦੀਆਂ ਹਨ। ਇਨ੍ਹਾਂ ਬਟਾਂਕਾਂ ਨੂੰ ਨਵੰਬਰ ਦਸੰਬਰ ਮਹੀਨੇ ਵਿੱਚ ਜ਼ਮੀਨ ਦੇ ਲਾਗਿਉਂ ਕੱਟ ਦੇਣਾ ਚਾਹੀਦਾ ਹੈ।

**ਪੁਰਾਣੇ ਬੂਟਿਆਂ ਨੂੰ ਮੁੜ ਸੁਰਜੀਤ ਕਰਨਾ :** ਨਾਸ਼ਪਤੀ ਦੇ ਪੁਰਾਣੇ ਬੂਟੇ ਜਿਨ੍ਹਾਂ ਨੂੰ ਫ਼ਲ ਘੱਟ ਲੱਗਦਾ ਹੋਵੇ ਦੀ ਕਾਂਟ-ਛਾਂਟ ਕਰਕੇ ਮੁੜ ਸੁਰਜੀਤ ਕਰਨਾ ਚਾਹੀਦਾ ਹੈ। ਦਸੰਬਰ ਦੇ ਮਹੀਨੇ ਵਿੱਚ ਪੁਰਾਣੇ ਬੂਟਿਆਂ ਦੀਆਂ ਪ੍ਰਮੁੱਖ 3-4 ਟਾਹਣੀਆਂ ਨੂੰ ਜੋ ਕਿ ਕਾਫ਼ੀ ਵਿੱਥ ਤੇ ਹੋਣ, 15 ਸੈਂਟੀਮੀਟਰ ਦੀ ਲੰਬਾਈ ਰੱਖ ਕੇ ਕੱਟ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਬਾਕੀ ਦੇ ਸਾਰੇ ਟਾਹਣੇ ਕੱਟ ਦੇਣੇ ਚਾਹੀਦੇ ਹਨ। ਕੱਟੇ ਹੋਏ ਥਾਵਾਂ ਤੇ ਬੋਰਡੋ ਪੇਂਟ ਲਗਾਉਣਾ ਚਾਹੀਦਾ ਹੈ। ਮਾਰਚ ਮਹੀਨੇ ਵਿੱਚ ਇਨ੍ਹਾਂ ਕੱਟੀਆਂ ਹੋਈਆਂ ਟਾਹਣੀਆਂ ਉੱਤੇ ਕਾਫ਼ੀ ਨਵੀਆਂ ਸ਼ਾਖ਼ਾਵਾਂ ਆ ਜਾਂਦੀਆਂ ਹਨ। ਮਈ ਦੇ ਮਹੀਨੇ ਇਨ੍ਹਾਂ 3-4 ਟਾਹਣੀਆਂ ਉੱਤੇ 1-2 ਬਾਹਰ ਵੱਲ ਨੂੰ ਵੱਧ ਰਹੀਆਂ ਟਾਹਣੀਆਂ ਰੱਖਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਹਰ ਬੂਟੇ ਉੱਤੇ ਕੁੱਲ 6-8 ਟਾਹਣੀਆਂ ਰਹਿ ਜਾਣਗੀਆਂ। ਇਸ ਤਰ੍ਹਾਂ ਦੇ ਬੂਟੇ ਤੀਜੇ ਸਾਲ ਫ਼ਲ ਦੇਣ ਲੱਗ ਪੈਂਦੇ ਹਨ ਅਤੇ ਪੰਜਵੇਂ ਸਾਲ ਭਰਵਾਂ ਫ਼ਲ ਦਿੰਦੇ ਹਨ।

**ਅੰਤਰ ਫ਼ਸਲਾਂ ਦੀ ਕਾਸ਼ਤ :** ਨਾਸ਼ਪਾਤੀ ਦੇ ਬੂਟਿਆਂ ਨੂੰ ਵਪਾਰਕ ਪੱਧਰ ਦਾ ਫ਼ਲ 5-6 ਸਾਲਾਂ ਬਾਅਦ ਲੱਗਦਾ ਹੈ। ਬਾਗਬਾਨ ਵਾਧੂ ਆਮਦਨ ਲੈਣ ਲਈ ਨਾਸ਼ਪਾਤੀ ਦੇ ਬੂਟਿਆਂ ਦੀਆਂ ਕਤਾਰਾਂ ਵਿਚਕਾਰ ਹੋਰ ਅੰਤਰ ਫ਼ਸਲਾਂ ਲਗਾ ਸਕਦੇ ਹਨ। ਸਰਦੀਆਂ ਵਿੱਚ ਨਾਸ਼ਪਾਤੀ ਦੇ ਪੱਤੇ ਝੜ ਜਾਂਦੇ ਹਨ ਅਤੇ ਪੌਦੇ ਸਿਥਲ ਅਵਸਥਾ ਵਿੱਚ ਚਲੇ ਜਾਂਦੇ ਹਨ। ਨਾਸ਼ਪਾਤੀ ਨੂੰ ਆਮ ਕਰਕੇ ਫ਼ਲ ਦੀ ਤੁੜਾਈ ਤੋਂ ਬਾਅਦ ਸਿੰਚਾਈ ਦੀ ਜ਼ਿਆਦਾ ਲੋੜ ਨਹੀਂ ਹੁੰਦੀ। ਬਾਗਬਾਨ ਸਰਦੀਆਂ ਵਿੱਚ ਜ਼ਿਆਦਾ ਪਾਣੀ ਲੈਣ ਵਾਲੀਆਂ ਫ਼ਸਲਾਂ ਜਿਵੇਂ ਕਿ ਆਲੂ, ਬਰਸੀਮ ਆਦਿ ਲਗਾਉਂਦੇ ਹਨ ਜਿਸ ਨਾਲ ਪੌਦੇ ਦੀ ਅੰਦਰੂਨੀ ਪ੍ਰਤੀਕਿਰਿਆਵਾਂ ਪ੍ਰਭਾਵਿਤ ਹੁੰਦੀਆਂ ਹਨ। ਆਲੂ ਦੀ ਫ਼ਸਲ ਬੀਜਣ ਜਾਂ ਅੰਤਰ ਫ਼ਸਲਾਂ ਲਈ ਜ਼ਮੀਨ ਤਿਆਰ ਕਰਨ ਵਾਸਤੇ ਬਾਗਾਂ ਨੂੰ ਤਵੀਆਂ ਜਾਂ ਹਲਾਂ ਆਦਿ ਨਾਲ ਡੂੰਘੀ ਵਹਾਈ ਕਰਨ ਸਮੇਂ ਜੜ੍ਹਾਂ ਨੂੰ ਨੁਕਸਾਨ ਹੁੰਦਾ ਹੈ। ਜਿਸ ਨਾਲ ਜੜ੍ਹਾਂ ਦਾ ਸੜਨਾ, ਗਲਣਾ ਆਦਿ ਬਿਮਾਰੀਆਂ ਵੱਧਦੀਆਂ ਹਨ। ਕੁੱਝ ਬਾਗਬਾਨ ਨਾਸ਼ਪਾਤੀ ਦੇ ਬਾਗ ਵਿੱਚ ਅਲੂਚਾ ਅਤੇ ਆੜੂ ਦੇ ਬੂਟੇ ਪੂਰਕ ਬੂਟਿਆਂ ਦੇ ਤੌਰ ਤੇ ਲਗਾਉਂਦੇ ਹਨ ਅਤੇ ਇਹਨਾਂ ਬੂਟਿਆਂ ਨੂੰ ਨਾਸ਼ਪਾਤੀ ਦੇ ਬੂਟਿਆਂ ਦੇ ਫ਼ਲ ਦੇਣ ਯੋਗ ਹੋਣ ਤੋਂ ਬਾਅਦ ਵੀ ਨਹੀਂ ਪੁੱਟਦੇ। ਇਸ ਤਰ੍ਹਾਂ ਨਾਸ਼ਪਾਤੀ ਦੇ ਦਰੱਖਤ ਬਹੁਤ ਸੰਘਣੇ ਹੋ ਜਾਂਦੇ ਹਨ ਅਤੇ ਫ਼ਲ ਦਾ ਵਿਕਾਸ ਘੱਟ ਹੋ ਜਾਂਦਾ ਹੈ, ਕਮਜ਼ੋਰ ਟਾਹਣੀਆਂ ਬਣਦੀਆਂ ਹਨ ਅਤੇ ਫ਼ਲਦਾਰ ਖੁੰਗੇ ਨਹੀਂ ਬਣਦੇ। ਪੂਰਕ ਬੂਟੇ ਅਤੇ ਨਾਸ਼ਪਾਤੀ ਦੇ ਦਰਖਤ ਜਦੋਂ ਆਪਸ ਵਿੱਚ ਮਿਲ ਜਾਣ ਤਾਂ ਪੂਰਕ ਬੂਟਿਆਂ ਨੂੰ ਪੁੱਟ ਦੇਣਾ ਚਾਹੀਦਾ ਹੈ। ਨਾਸ਼ਪਾਤੀ ਦੇ ਬਾਗ ਵਿੱਚ ਅਮਰੂਦ ਦੇ ਬੂਟੇ ਨਹੀਂ ਲਗਾਉਣੇ ਚਾਹੀਦੇ ਕਿਉਂਕਿ ਅਮਰੂਦ ਨੂੰ ਸਰਦੀਆਂ ਵਿੱਚ ਪਾਣੀ ਦੀ ਜ਼ਰੂਰਤ ਹੁੰਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਅੰਤਰ ਫ਼ਸਲਾਂ ਜਿਵੇਂ ਮੂੰਗੀ, ਮਾਂਹ, ਤੋਰੀਆ, ਕਣਕ, ਮਟਰ, ਛੋਲੇ ਅਤੇ ਸੈਂਜੀ ਆਦਿ ਦੀ ਨਾਸ਼ਪਾਤੀ ਦੇ ਬਾਗਾਂ ਵਿੱਚ ਮੁੱਢਲੇ ਸਾਲਾਂ ਵਿੱਚ ਕਾਸ਼ਤ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਖਾਸ ਕਰਕੇ ਨਾਈਟ੍ਰੋਜਨ ਫਿਕਸ ਕਰਨ ਵਾਲੀਆਂ ਫ਼ਸਲਾਂ ਚੁਣਨੀਆਂ ਚਾਹੀਦੀਆਂ ਹਨ ਜੋ ਪੌਦੇ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਫਾਇਦਾ ਪਹੁੰਚਾਉਂਦੇ ਹਨ। ਕਈ ਬਾਗਾਂ ਵਿੱਚ ਫ਼ਾਲਸੇ ਦੇ ਬੂਟੇ ਬਤੌਰ ਪੂਰਕ ਲਗਾਏ ਜਾਂਦੇ ਹਨ ਅਤੇ ਇਹਨਾਂ ਦੀ ਹਰ ਸਾਲ ਕਾਂਟ-ਛਾਂਟ ਕਰਕੇ ਝਾੜੀ ਵਾਂਗ ਬਣਾਉਣਾ ਚਾਹੀਦਾ ਹੈ। ਅੰਤਰ ਜਾਂ ਪੂਰਕ ਬੂਟਿਆਂ ਨੂੰ ਵੱਖਰੀ ਸਿੰਚਾਈ, ਖਾਦ ਅਤੇ ਆਦਿ ਦੱਸੀਆਂ ਹਦਾਇਤਾਂ/ਸਿਫਾਰਸ਼ਾਂ ਅਨੁਸਾਰ ਪਾਓ।

**ਖ਼ੁਰਾਕੀ ਪ੍ਰਬੰਧ :** ਫ਼ਲਦਾਰ ਬੂਟਿਆਂ ਵਿੱਚ ਜ਼ਰੂਰੀ ਖ਼ੁਰਾਕੀ ਤੱਤ, ਬੂਟੇ ਨੂੰ ਪੈਦਾਵਾਰ ਦੇ ਯੋਗ ਬਣਾਉਣ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਇੱਕ ਸਾਲ ਵਿੱਚ 10 ਟਨ ਫ਼ਲ ਦੇਣ ਵਾਲੇ ਬੂਟੇ ਮਿੱਟੀ ਵਿੱਚੋਂ 25 ਕਿਲੋਗ੍ਰਾਮ ਨਾਈਟ੍ਰੋਜਨ, 10 ਕਿਲੋਗ੍ਰਾਮ ਫ਼ਾਸਫ਼ੋਰਸ, 40 ਕਿਲੋਗ੍ਰਾਮ ਪੋਟਾਸ਼ ਲੈਂਦੇ ਹਨ। ਇਸ ਘਾਟੇ ਦੀ ਪੂਰਤੀ ਲਈ ਰਸਾਇਣਕ/ਦੇਸੀ ਖਾਦਾਂ ਦੇ ਰੂਪ ਵਿੱਚ ਤੱਤ ਸਹੀ ਮਾਤਰਾ ਅਤੇ ਸਹੀ ਸਮੇਂ ਤੇ ਪਾਉਣੇ ਅਤੀ ਜ਼ਰੂਰੀ ਹਨ। ਨਾਸ਼ਪਾਤੀ ਦੇ ਦਰੱਖਤਾਂ ਨੂੰ ਰੂੜੀ ਅਤੇ ਰਸਾਇਣਕ ਖਾਦ ਉਹਨਾਂ ਦੀ ਉਮਰ ਮੁਤਾਬਕ ਹੇਠ ਲਿਖੇ ਅਨੁਸਾਰ ਪਾਓ।

| ਬੂਟੇ ਦੀ ਉਮਰ (ਸਾਲ) | ਰੂੜੀ (ਕਿਲੋ/ ਬੂਟਾ) | ਖਾਦਾਂ (ਗ੍ਰਾਮ ਪ੍ਰਤੀ ਬੂਟਾ) | | |
|---|---|---|---|---|
| | | ਯੂਰੀਆ | ਸੁਪਰਫ਼ਾਸਫ਼ੇਟ | ਮਿਊਰੇਟ ਆਫ਼ ਪੋਟਾਸ਼ |
| 1-3 | 10-20 | 100-300 | 200-600 | 150-450 |
| 4-6 | 25-35 | 400-600 | 800-1200 | 600-900 |
| 7-9 | 40-50 | 700-900 | 1400-1800 | 1050-1350 |
| 10 ਤੋਂ ਉੱਪਰ | 50 | 1000 | 2000 | 1500 |

ਫ਼ਲਦਾਰ ਦਰੱਖਤਾਂ ਨੂੰ ਚੰਗੀ ਤਰ੍ਹਾਂ ਗਲੀ ਹੋਈ ਰੂੜੀ ਦੀ ਖਾਦ, ਸੁਪਰਫਾਸਫੇਟ ਅਤੇ ਮਿਊਰਟ ਆਫ ਪੋਟਾਸ਼ ਦਸੰਬਰ ਦੇ ਮਹੀਨੇ ਵਿੱਚ ਪਾਉਣੇ ਚਾਹੀਦੇ ਹਨ।



ਬੂਟੇ ਦੇ ਵਿਕਾਸ ਨੂੰ ਵਧਾਉਣ ਲਈ ਮੁੱਢਲੇ 5-6 ਸਾਲਾਂ ਵਿੱਚ ਨਾਈਟ੍ਰੋਜਨ ਤੱਤ ਬਰਾਬਰ ਹਿੱਸਿਆਂ ਵਿੱਚ ਮਾਰਚ, ਅਪ੍ਰੈਲ, ਜੁਲਾਈ, ਅਗਸਤ ਅਤੇ ਸਤੰਬਰ ਦੌਰਾਨ ਪਾਓ।


ਜਦੋਂ ਨਾਸ਼ਪਤੀ ਦੇ ਬੂਟੇ ਫ਼ਲ ਦੇਣਾ ਸ਼ੁਰੂ ਕਰ ਦੇਣ ਤਾਂ ਬੂਟਿਆਂ ਨੂੰ ਨਾਈਟ੍ਰੋਜਨ ਦੀ ਅੱਧੀ ਮਾਤਰਾ ਫੁੱਲ ਨਿਕਲਣ ਤੋਂ ਪਹਿਲਾਂ ਫਰਵਰੀ ਵਿੱਚ ਅਤੇ ਬਾਕੀ ਦੀ ਅੱਧੀ ਮਾਤਰਾ ਅਪ੍ਰੈਲ ਮਹੀਨੇ ਫ਼ਲ ਲੱਗਣ ਉਪਰੰਤ ਪਾਓ। ਨਾਸ਼ਪਾਤੀ ਦੀ ਕਿਸਮ ਪੰਜਾਬ ਬਿਊਟੀ ਨੂੰ ਸਿਫ਼ਾਰਸ਼ ਕੀਤੀਆਂ ਖਾਦਾਂ ਤੋਂ ਇਲਾਵਾ 500 ਗ੍ਰਾਮ ਯੂਰੀਆ ਪ੍ਰਤੀ ਦਰੱਖਤ ਸਤੰਬਰ ਮਹੀਨੇ ਵਿੱਚ ਪਾਉਣ ਨਾਲ ਝਾੜ ਅਤੇ ਫ਼ਲ ਦੀ ਗੁਣਵੱਤਾ ਵਿੱਚ ਵਾਧਾ ਹੁੰਦਾ ਹੈ। ਨਾਸ਼ਪਾਤੀ ਵਿੱਚ ਫ਼ਲਾਂ ਦੇ ਅਕਾਰ ਅਤੇ ਝਾੜ ਵਿੱਚ ਵਾਧੇ ਲਈ, ਪੋਟਾਸ਼ੀਅਮ ਨਾਈਟ੍ਰੇਟ (1.5 ਪ੍ਰਤੀਸ਼ਤ/15 ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ) ਦੋ ਤਿੰਨ ਸਪਰੇਅ ਭਰ ਫੁੱਲ ਆਉਣ ਤੋਂ 15, 30 ਅਤੇ 45 ਦਿਨਾਂ ਬਾਅਦ ਛਿੜਕਾਅ ਕਰੋ।

ਜਿਸ ਨਾਲ ਛੋਟੇ ਤੱਤਾਂ ਜਿਵੇਂ ਕਿ ਜਿੰਕ ਅਤੇ ਲੋਹੇ ਦੀ ਘਾਟ ਆਉਂਦੀ ਹੈ। ਜਿੰਕ ਦੀ ਘਾਟ ਨਾਲ ਪੱਤਿਆਂ ਦਾ ਅਕਾਰ ਛੋਟਾ ਅਤੇ ਪੱਤੇ ਉੱਪਰ ਨੂੰ ਮੁੜਨੇ ਸ਼ੁਰੂ ਹੋ ਜਾਂਦੇ ਹਨ। ਇਸ ਘਾਟ ਨੂੰ ਪੂਰਾ ਕਰਨ ਲਈ ਤਿੰਨ ਕਿਲੋ ਜਿੰਕ ਸਲਫੇਟ + 1.5 ਕਿਲੋ ਅਣ ਬੁਝਿਆ ਚੂਨਾ 500 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਇਸ ਤੋਂ ਇਲਾਵਾ ਲੋਹੇ ਦੀ ਘਾਟ ਨਾਲ ਟੀਸੀ ਵਾਲੇਪੱਤਿਆਂ ਜਾਂ ਸਾਰੀਆਂ ਨਾੜਾਂ ਗੂੜ੍ਹੇ ਰੰਗ ਦੀਆਂ ਅਤੇ ਬਾਕੀ ਸਭ ਪੀਲੇ ਰੰਗ ਦਾ ਹੋ ਜਾਂਦਾ ਹੈ। ਇਸ ਦੀ ਪੂਰਤੀ ਲਈ 0.3% ਫੈਰਿਸ ਸਲਫੇਟ (300 ਗ੍ਰਾਮ) 100 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਣਾ ਚਾਹੀਦਾ ਹੈ।

**ਸਿੰਚਾਈ :** ਨਾਸ਼ਪਾਤੀ ਦੀਆਂ ਉੱਪਰਲੀਆਂ ਬਰੀਕ ਜੜ੍ਹਾਂ ਤੇ ਆਮ ਤੌਰ ਤੇ ਜ਼ਮੀਨ ਦੇ ਉੱਪਰਲੇ ਹਿੱਸੇ (60-90 ਸੈਂਟੀਮੀਟਰ) ਵਿੱਚ ਫੈਲੀਆਂ ਹੁੰਦੀਆਂ ਹਨ। ਜ਼ਮੀਨ ਦੇ ਇਸ ਹਿੱਸੇ ਵਿੱਚ ਪਾਣੀ ਦੀ ਕਮੀ ਆਉਣ ਨਾਲ ਫ਼ਲ ਦਾ ਵਿਕਾਸ ਰੁੱਕ ਜਾਂਦਾ ਹੈ। ਕਈ ਵਾਰ ਫ਼ਲ ਝੜਨ ਲੱਗ ਜਾਂਦੇ ਹਨ ਅਤੇ ਬਾਕੀ ਦੇ ਫ਼ਲ ਛੋਟੇ ਅਕਾਰ ਦੇ ਮਾੜੀ ਗੁਣਵੱਤਾ ਵਾਲੇ ਹੁੰਦੇ ਹਨ। ਨਾਸ਼ਪਤੀ ਦੀ ਢੁੱਕਵੀਂ ਸਿੰਚਾਈ ਲਈ ਇੱਕ ਪਾਣੀ ਦਸੰਬਰ ਦੇ ਆਖ਼ਰੀ ਹਫ਼ਤੇ ਜਾਂ ਜਨਵਰੀ ਦੇਪਹਿਲੇ ਹਫ਼ਤੇ ਖਾਦਾਂ ਪਾਉਣ ਤੋਂ ਬਾਅਦ ਲਗਾਉਣਾ ਚਾਹੀਦਾ ਹੈ। ਫੁੱਲ ਆਉਣ ਦੀ ਰੁੱਤ ਸਮੇਂ ਜ਼ਮੀਨ ਵਿੱਚ ਢੁੱਕਵੀਂ ਨਮੀ ਚਾਹੀਦੀ ਹੈ। ਅਪ੍ਰੈਲ ਤੋਂ ਅਗਸਤ ਤੱਕ (ਫੁੱਲ ਲੱਗਣ ਤੋਂ ਫ਼ਲ ਤੋੜਨ ਤੱਕ) ਲੋੜ ਅਨੁਸਾਰ 7-10 ਦਿਨ ਬਾਅਦ ਲਗਾਤਾਰ ਸਿੰਚਾਈ ਕਰਨੀ ਚਾਹੀਦੀ ਹੈ। ਫ਼ਲਾਂ ਦੀ ਤੁੜਾਈ ਤੋਂ ਬਾਅਦ ਬੂਟਿਆਂ ਦੇ ਪੱਤੇ ਝੜਨ ਤੱਕ ਲੋੜ ਅਨੁਸਾਰ 3 ਤੋਂ 4 ਹਫ਼ਤਿਆਂ ਤੋਂ ਬਾਅਦ ਸਿੰਚਾਈ ਕਰਨੀ ਚਾਹੀਦੀ ਹੈ।

# ਲੋਕਰਾਜ ਦਾ ਮੁੱਢਲਾ ਥੰਮ ਕਮਜ਼ੋਰ ਹੋ ਰਿਹਾ ਹੈ

**ਦੇਸ਼ ਨੂੰ 26 ਜਨਵਰੀ, 1950 ਵਿੱਚ ਲੋਕਰਾਜ ਬਣਾ ਦਿੱਤਾ ਗਿਆ ਤੇ ਦੇਸ਼ ਦਾ ਆਪਣਾ ਸੰਵਿਧਾਨ ਲਾਗੂ ਕੀਤਾ ਗਿਆ ਸੀ । ਇਸ ਰਾਹੀਂ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਬਿਨ੍ਹਾਂ ਕਿਸੇ ਭੇਦਭਾਵ ਦੇ ਬਰਾਬਰ ਦੇ ਹੱਕ ਦਿੱਤੇ ਗਏ । ਪੰਜ ਸਾਲਾਂ ਪਿੱਛੋਂ ਨਾਗਰਿਕਾਂ ਨੇ ਆਪਣੀ ਕੇਂਦਰੀ ਤੇ ਰਾਜਾਂ ਦੀ ਸਰਕਾਰ ਚੁਣਨੀ ਸੀ । ਸਰਕਾਰੀ ਕੰਮਕਾਜ ਦੇ ਸੰਚਾਲਨ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ । ਲੋਕਰਾਜ ਨੂੰ ਸਹੀ ਅਰਥਾਂ ਵਿੱਚ ਲੋਕਾਂ ਦਾ ਰਾਜ ਬਣਾਉਣ ਲਈ ਕੇਂਦਰ ਤੇ ਰਾਜ ਸਰਕਾਰ ਤੋਂ ਅੱਗੇ ਪੰਚਾਇਤੀ ਰਾਜ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ ਗਿਆ ।**



ਡਾ. ਰਣਜੀਤ ਸਿੰਘ

ਜਦੋਂ 1947 ਵਿੱਚ ਦੇਸ਼ ਅਜ਼ਾਦ ਹੋਇਆ ਤਾਂ ਅੰਗ੍ਰੇਜ਼ ਨੇ ਕੇਵਲ ਰਾਜ ਪ੍ਰਬੰਧ ਕਰਨ ਦੀ ਜ਼ੁੰਮੇਵਾਰੀ ਭਾਰਤੀਆਂ ਨੂੰ ਦਿੱਤੀ ਬਾਕੀ ਢਾਂਚਾ ਉਵੇਂ ਹੀ ਚੱਲਦਾ ਰਿਹਾ । ਇਸ ਰਾਜ ਪ੍ਰਬੰਧ ਦਾ ਮੰਤਵ ਲੋਕਾਂ ਵਿੱਚ ਹੀਣ ਭਾਵਨਾ ਅਤੇ ਡਰ ਬਣਾਈ ਰੱਖਣਾ ਸੀ ਤਾਂ ਜੋ ਉਨ੍ਹਾਂ ਨੂੰ ਗੁਲਾਮ ਰੱਖਿਆ ਜਾ ਸਕੇ । ਸਰਕਾਰੀ ਕਰਮਚਾਰੀ ਅਤੇ ਪੁਲਿਸ ਲੋਕਾਂ ਦੇ ਸੇਵਾਦਾਰ ਨਹੀਂ ਸਗੋਂ ਅਫ਼ਸਰ ਸਨ ਤੇ ਇਸ ਡਰ ਨੂੰ ਲੋਕ ਮਨਾਂ ਵਿੱਚ ਬਿਠਾਇਆ ਹੋਇਆ ਸੀ । ਦੇਸ਼ ਨੂੰ 26 ਜਨਵਰੀ, 1950 ਵਿੱਚ ਲੋਕਰਾਜ ਬਣਾ ਦਿੱਤਾ ਗਿਆ ਤੇ ਦੇਸ਼ ਦਾ ਆਪਣਾ ਸੰਵਿਧਾਨ ਲਾਗੂ ਕੀਤਾ ਗਿਆ ਸੀ । ਇਸ ਰਾਹੀਂ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਬਿਨ੍ਹਾਂ ਕਿਸੇ ਭੇਦਭਾਵ ਦੇ ਬਰਾਬਰ ਦੇ ਹੱਕ ਦਿੱਤੇ ਗਏ । ਪੰਜ ਸਾਲਾਂ ਪਿੱਛੋਂ ਨਾਗਰਿਕਾਂ ਨੇ ਆਪਣੀ ਕੇਂਦਰੀ ਤੇ ਰਾਜਾਂ ਦੀ ਸਰਕਾਰ ਚੁਣਨੀ ਸੀ । ਸਰਕਾਰੀ ਕੰਮਕਾਜ ਦੇ ਸੰਚਾਲਨ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ । ਲੋਕਰਾਜ ਨੂੰ ਸਹੀ ਅਰਥਾਂ ਵਿੱਚ ਲੋਕਾਂ ਦਾ ਰਾਜ ਬਣਾਉਣ ਲਈ ਕੇਂਦਰ ਤੇ ਰਾਜ ਸਰਕਾਰ ਤੋਂ ਅੱਗੇ ਪੰਚਾਇਤੀ ਰਾਜ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ ਗਿਆ । ਗਾਂਧੀ ਜੀ ਇਸ ਨੂੰ ਗ੍ਰਾਮ ਸਵਰਾਜ ਵੀ ਆਖਦੇ ਸਨ । ਭਾਰਤ ਪਿੰਡਾਂ ਵਿੱਚ ਵਸਦਾ ਸੀ । ਪੰਚਾਇਤੀ ਰਾਜ ਪ੍ਰਨਾਲੀ ਰਾਹੀਂ ਸਾਰੇ ਪਿੰਡ ਵਾਸੀਆਂ ਨੂੰ ਆਪਣੇ ਲਈ ਆਪ ਫ਼ੈਸਲੇ ਲੈਣ ਦਾ ਅਧਿਕਾਰ ਦਿੱਤਾ ਗਿਆ । ਇਸ ਲਈ ਸੰਵਿਧਾਨ ਦੀ 73ਵੀਂ ਸੋਧ ਕਰਨ ਲਈ ਪਾਰਲੀਮੈਂਟ ਵਿੱਚ 1952 ਵਿੱਚ ਬਿਲ ਪੇਸ਼ ਕੀਤਾ ਗਿਆ । ਇਸ ਦੀ ਪ੍ਰਵਾਨਗੀ ਰਾਜ ਸਰਕਾਰਾਂ ਨੇ ਵੀ ਦੇਣੀ ਹੁੰਦੀ ਹੈ । ਪੰਚਾਇਤੀ ਰਾਜ ਦੇਸ਼ ਵਿੱਚ 24 ਅਪ੍ਰੈਲ, 1953 ਨੂੰ ਲਾਗੂ ਕਰ ਦਿੱਤਾ ਗਿਆ । ਇਸ ਦਾ ਮੰਤਵ ਵਿਕਾਸ ਕਾਰਜ ਹੇਠਾਂ ਤੋਂ ਸ਼ੁਰੂ ਕੀਤੇ ਜਾਣੇ ਸਨ । ਇੱਕ ਪਿੰਡ ਦੇ ਸਾਰੇ ਵੋਟਰਾਂ ਆਧਾਰਿਤ ਗ੍ਰਾਮ ਸਭਾ ਦਾ ਹੀ ਰੂਪ ਸੀ । ਗ੍ਰਾਮ ਸਭਾ ਪਿੰਡ ਦੇ ਵਿਕਾਸ ਕਾਰਜ ਚਲਾਉਣ ਲਈ ਪੰਚਾਇਤ ਤੇ ਸਰਪੰਚ ਦੀ ਚੋਣ ਕਰਦੀ ਹੈ ਤੇ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਵਾਂਗ ਉਹ ਪਿੰਡ ਦੀ ਸਰਕਾਰ ਦਾ ਮੁਖੀ ਹੁੰਦਾ ਹੈ । ਗ੍ਰਾਮ ਸਭਾ ਰਾਹੀਂ ਪੰਚਾਇਤਾਂ ਨੂੰ ਇਤਨੇ ਅਧਿਕਾਰ ਦਿੱਤੇ ਗਏ ਹਨ ਕਿ ਅਦਾਲਤਾਂ ਵੀ ਉਨ੍ਹਾਂ ਵਿੱਚ ਦਖਲਅੰਦਾਜ਼ੀ ਕਰਨ ਤੋਂ ਝਿਜਕਦੀਆਂ ਹਨ । ਪੰਚਾਇਤਾਂ ਦਾ ਕੰਮ ਪੇਂਡੂ ਝਗੜਿਆਂ ਦਾ ਪਿੰਡ ਵਿੱਚ ਹੀ ਨਿਪਟਾਰਾ ਕਰਨਾ ਹੈ, ਪਿੰਡ ਦੀਆਂ ਲੋੜਾਂ ਅਨੁਸਾਰ ਸਰਬਸੰਮਤੀ ਨਾਲ ਵਿਕਾਸ ਕਾਰਜਾਂ ਬਾਰੇ ਫ਼ੈਸਲਾ ਕਰਨਾ ਹੈ । ਪਿੰਡ ਵਿੱਚ ਵਿਦਿਆ, ਸਿੱਖਿਆ ਸਹੂਲਤਾਂ ਅਤੇ ਅਮਨ ਕਾਨੂੰਨ ਦੀ ਪਾਲਣਾ ਕਰਨਾ ਪੰਚਾਇਤੀ ਜ਼ੁੰਮੇਵਾਰੀ ਹੈ । ਸਾਰੇ ਦੇਸ਼ ਨੂੰ ਬਲਾਕਾਂ ਵਿੱਚ ਵੰਡਿਆ ਗਿਆ ਤਾਂ ਜੋ ਲੋਕਾਂ ਦੇ ਫ਼ੈਸਲੇ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਤੱਕ ਪਹੁੰਚਾਏ ਜਾ ਸਕਣ ਅਤੇ ਸਰਕਾਰਾਂ ਉਸੇ ਅਨੁਸਾਰ ਵਿਕਾਸ ਯੋਜਨਾਵਾਂ ਉਲੀਕਣ । ਲਗਭਗ 100 ਪਿੰਡਾਂ ਦਾ ਇੱਕ ਬਲਾਕ ਬਣਾਇਆ ਗਿਆ । ਜਿਸ ਦਾ ਮੁੱਖੀ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਬਣਾਇਆ ਗਿਆ । ਉਸ ਦੀ ਸਹਾਇਤਾ ਲਈ ਤਕਨੀਕੀ ਮਾਹਿਰਾਂ ਜਿਵੇਂ ਖੇਤੀਬਾੜੀ, ਸਹਿਕਾਰਤਾ, ਸੈਨੇਟਰੀ, ਪੰਚਾਇਤਾਂ, ਵੈਟਨਰੀ ਸਹਾਇਤਾ, ਮੁਖ ਸੇਵਿਕਾ ਆਦਿ ਦੀ ਟੀਮ ਬਣਾਈ ਗਈ ।

ਬਲਾਕ ਦੇ ਵਿਕਾਸ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਉਣ ਲਈ ਬਲਾਕ ਸੰਮਤੀ ਬਣਾਈ ਗਈ ਇਸ ਦੇ ਮੈਂਬਰਾਂ ਦੀ ਚੋਣ ਪੰਚਾਇਤਾਂ ਕਰਦੀਆਂ ਹਨ । ਪੰਚਾਇਤ ਸੰਮਤੀ ਆਪਣੇ ਵਿੱਚੋਂ ਚੇਅਰਮੈਨ ਚੁਣਦੀ ਹੈ । ਬੀਡੀਓ ਇਸ ਸੰਮਤੀ ਦਾ ਸਕੱਤਰ ਹੁੰਦਾ ਹੈ । ਹਰ ਮਹੀਨੇ ਸੰਮਤੀ ਆਪਣੀ ਮੀਟਿੰਗ ਘੜਦੀ ਹੈ । ਮੀਟਿੰਗ ਵਿੱਚ ਸਾਰੇ ਤਕਨੀਕੀ ਮਾਹਿਰਾਂ ਦੀ ਹਾਜ਼ਰੀ ਜ਼ਰੂਰੀ ਸੀ । ਮੈਂਬਰਾਂ ਦੇ ਸਵਾਲਾਂ ਦੇ ਜਵਾਬ ਦੇਣੇ ਪੈਂਦੇ ਹਨ । ਪਿੰਡਾਂ ਵਿੱਚ ਸਾਰੇ ਪਾਸੇ ਵਿਕਾਸ ਕਾਰਜ ਤੇਜ਼ੀ ਨਾਲ ਸ਼ੁਰੂ ਹੋਏ । ਸਕੂਲਾਂ, ਪੰਚਾਇਤ ਘਰਾਂ, ਗਲੀਆਂ ਆਦਿ ਦੀ ਉਸਾਰੀ ਸ਼ੁਰੂ ਹੋਈ । ਲੋਕੀਂ ਰਲ ਕੇ ਇਹ ਕੰਮ ਕਰਦੇ, ਸੁਆਣੀਆਂ ਲੰਗਰ ਤਿਆਰ ਕਰਦੀਆਂ । ਪੰਜਾਬ ਵਿੱਚ ਉਦੋਂ ਹੀ ਮੁਰੱਬੇਬੰਦੀ ਕੀਤੀ ਗਈ । ਸ. ਪ੍ਰਤਾਪ ਸਿੰਘ ਕੈਰੋਂ ਵਿਕਾਸ ਮੰਤਰੀ ਸਨ ਤੇ ਉਨ੍ਹਾਂ ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਵਿਕਾਸ ਕਮਿਸ਼ਨਰ ਬਣਾਇਆ । ਸੜਕਾਂ ਸਿੱਧੀਆਂ ਹੋਈਆਂ । ਸਕੂਲਾਂ ਤੇ ਹੋਰ ਸਾਂਝੇ ਕੰਮ ਲਈ ਜ਼ਮੀਨ ਛੱਡੀ ਗਈ । ਹਰੇਕ ਪਿੰਡ ਵਿੱਚ ਲਾਇਬ੍ਰੇਰੀ ਲਈ ਸਰਕਾਰ ਨੇ ਕਿਤਾਬਾਂ ਭੇਜੀਆਂ । ਕਚਹਿਰੀਆਂ ਵਿੱਚ ਬਹੁਤੇ ਮੁਕੱਦਮੇ ਪਿੰਡਾਂ ਦੇ ਹੀ ਹੁੰਦੇ ਹਨ ਉਹ ਕਈ-ਕਈ ਸਾਲ ਫ਼ੈਸਲੇ ਦੀ ਉਡੀਕ ਕਰਦੇ ਰਹਿੰਦੇ ਹਨ । ਕਚਹਿਰੀਆਂ ਦੇ ਖਰਚੇ ਅਤੇ ਵਕੀਲਾਂ ਦੀਆਂ ਫ਼ੀਸਾਂ ਦੇਣ ਲਈ ਲੋਕੀਂ ਕਰਜ਼ਾਈ ਹੁੰਦੇ ਵੇਖੇ ਗਏ । ਪੰਚਾਇਤਾਂ ਦਾ ਇੱਕ ਮਹੱਤਵਪੂਰਨ ਕਾਰਜ ਪਿੰਡ ਪੱਧਰ ਉੱਤੇ ਹੀ ਝਗੜਿਆਂ ਦਾ ਨਿਪਟਾਰਾ ਕਰਦਾ ਸੀ । ਪਿੰਡ ਵਾਸੀ ਸੱਚਾਈ ਜਾਣਦੇ ਸਨ ਤੇ ਸੱਚ ਆਧਾਰਿਤ ਫ਼ੈਸਲੇ ਹੋਣ ਲੱਗ ਪਏ । ਪਰ ਜਿਵੇਂ-ਜਿਵੇਂ ਦੇਸ਼ ਦੀ ਰਾਜ ਪ੍ਰਨਾਲੀ ਵਿੱਚ ਨਿਘਾਰ ਸ਼ੁਰੂ ਹੋਇਆ । ਇਸ ਦਾ ਅਸਰ ਪਿੰਡਾਂ ਵਿੱਚ ਵੀ ਪੈਣ ਲੱਗ ਪਿਆ । ਰਾਜਸੀ ਪਾਰਟੀਆਂ ਵਿੱਚ ਦੇਸ਼ ਭਗਤਾਂ ਦੀ ਥਾਂ ਤਾਕਤ ਦੇ ਭੁੱਖੇ ਲੋਕਾਂ ਦੀ ਗਿਣਤੀ ਵੱਧਣ ਲੱਗ ਪਈ ਤੇ ਇਨ੍ਹਾਂ ਲੋਕਾਂ ਨੇ ਪਿੰਡਾਂ ਵਿੱਚ ਵੋਟ ਪ੍ਰਾਪਤੀ ਲਈ ਆਪਣੀ ਪਾਰਟੀ ਦੀਆਂ ਇਕਾਈਆਂ ਗਠਿਤ ਕਰਨੀਆਂ ਸ਼ੁਰੂ ਕਰ ਦਿੱਤੀਆਂ । ਇੰਝ ਪਿੰਡਾਂ ਦੇ ਲੋਕ ਧੜਿਆਂ ਵਿੱਚ ਵੰਡੇ ਗਏ । ਇੱਕ ਦੂਜੇ ਦੇ ਝਗੜੇ ਪਿੰਡ ਵਿੱਚ ਹੀ ਨਿਬੇੜਨ ਦੀ ਥਾਂ ਕਚਹਿਰੀਆਂ ਵਿੱਚ ਜਾਣ ਲੱਗ ਪਏ । ਦੋਵੇਂ ਧੜੇ ਸਿਫ਼ਾਰਸ਼ ਲਈ ਆਪਣੇ ਹਿਮੈਤੀਆਂ ਨੂੰ ਲੈ ਕੇ ਜਾਂਦੇ, ਇਨ੍ਹਾਂ ਦੀ ਸੇਵਾ ਵੀ ਕਰਨੀ ਪੈਂਦੀ । ਇਹੋ ਜਿਹੇ ਅਖੌਤੀ ਲੀਡਰ ਥਾਣੇ ਅਤੇ ਕਚਹਿਰੀਆਂ ਵਿੱਚ ਕੁੱਝ ਲੈ ਦੇ ਕੇ ਸਿਫਾਰਸ਼ਾਂ ਕਰਨ ਲੱਗੇ । ਇੰਝ ਪਿੰਡਾਂ ਵਿੱਚ ਵੀ ਭ੍ਰਿਸ਼ਟਾਚਾਰ ਦਾ ਭੂਤ ਆ ਵੜਿਆ । ਅਸਲ ਵਿੱਚ ਤਾਕਤ ਦੇ ਭੁੱਖੇ ਆਗੂ ਲੋਕ ਸੇਵਾ ਘੱਟ ਅਤੇ ਸਰਕਾਰੀ ਦਫ਼ਤਰਾਂ ਵਿੱਚ ਦਲਾਲੀ ਦਾ ਕੰਮ ਕਰਨ ਲੱਗ ਪਏ । ਇੰਝ ਥਾਣੇ ਕਚਹਿਰੀਆਂ ਤੇ ਹੋਰ ਦਫ਼ਤਰਾਂ ਵਿੱਚ ਭ੍ਰਿਸ਼ਟਾਚਾਰ ਫ਼ੈਲਣਾ ਸ਼ੁਰੂ ਹੋ ਗਿਆ । ਇੰਝ ਦੇਸ਼ ਦੀ ਰਾਜ ਪ੍ਰਣਾਲੀ ਅੰਗ੍ਰੇਜ਼ਾਂ ਦੇ ਸਮੇਂ ਤੋਂ ਭੈੜੀ ਹੋ ਗਈ । ਅੰਗ੍ਰੇਜ਼ਾਂ ਸਮੇਂ ਅਫ਼ਸਰਾਂ ਦਾ ਕੇਵਲ ਡਰ ਸੀ ਪਰ ਹੁਣ ਡਰ ਦੇ ਨਾਲ ਪੈਸਾ ਅਤੇ ਧੱਕਾ ਵੀ ਸ਼ਾਮਿਲ ਹੋ ਗਿਆ । ਦੂਜੇ ਪਾਸੇ ਸੰਬੰਧਿਤ ਮਹਿਕਮਿਆਂ ਨੇ ਆਪਣੇ ਤਕਨੀਕੀ ਮਾਹਿਰਾਂ ਨੂੰ ਬਲਾਕ ਦਫ਼ਤਰ ਵਿੱਚੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ ਕਿਉਂਕਿ ਬਲਾਕ ਵਿੱਚ ਇਨ੍ਹਾਂ ਪ੍ਰਬੰਧਕੀ ਅਧਿਕਾਰੀ ਬੀਡੀਓ ਹੁੰਦਾ ਸੀ । ਹੁਣ ਲੋਕਾਂ ਨੂੰ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਗਿਆ । ਪਹਿਲਾਂ ਪਤਾ ਸੀ ਕਿ ਬੀਡੀਓ ਦੇ ਦਫ਼ਤਰ ਹੀ ਮਿਲ ਜਾਣਗੇ ਪਰ ਹੁਣ ਦਫ਼ਤਰਾਂ ਦਾ ਲਭਣਾ ਵੀ ਔਖਾ ਹੋ ਗਿਆ ਹੈ । ਮਿਸਾਲ ਦੇ ਤੌਰ ਉੱਤੇ ਬਹੁਗਿਣਤੀ ਕਿਸਾਨਾਂ ਨੂੰ ਪਤਾ ਸੀ ਕਿ ਉਨ੍ਹਾਂ ਦੇ ਹਲਕੇ ਦਾ ਖੇਤੀ ਵਿਕਾਸ ਅਫ਼ਸਰ ਕੌਣ ਹੈ ਅਤੇ ਉਸ ਦਾ ਦਫ਼ਤਰ ਕਿੱਥੇ ਹੈ ?

ਇਹ ਵੇਖਣ ਵਿੱਚ ਆਇਆ ਹੈ ਕਿ ਸਾਡੇ ਦੇਸ਼ ਵਿੱਚ ਜਦੋਂ ਵੀ ਕੋਈ ਨਵਾਂ ਪ੍ਰੋਗਰਮ ਸ਼ੁਰੂ ਕੀਤਾ ਜਾਂਦਾ ਹੈ ਉਦੋਂ ਉਸ ਦਾ ਖੂਬ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਪੂਰੇ ਜੋਸ਼ ਨਾਲ ਸ਼ੁਰੂ ਕੀਤਾ ਜਾਂਦਾ ਹੈ । ਪਰ ਸਮੇਂ ਦੇ ਬੀਤਣ ਨਾਲ ਉਸ ਵਿੱਚ ਮਜ਼ਬੂਤੀ ਆਉਣ ਦੀ ਥਾਂ ਨਿਘਾਰ ਆ ਜਾਂਦਾ ਹੈ ਤੇ ਸਾਰਾ ਜੋਸ਼ ਮੱਠਾ ਪੈ ਜਾਂਦਾ ਹੈ । ਇਹੋ ਹਾਲ ਪੰਚਾਇਤੀ ਰਾਜ ਦਾ ਹੋਇਆ ਹੈ । ਪੰਚਾਇਤਾਂ ਜਿਹੜੀਆਂ ਆਪਣੇ ਪਿੰਡ ਵਿੱਚ ਲੋਕਰਾਜ ਦਾ ਥੰਮ ਸਨ ਉਹ ਪਾਰਟੀ ਰਾਜਨੀਤੀ ਵਿੱਚ ਉਲਝ ਆਪਣੇ ਰਾਹ ਤੋਂ ਭਟਕ ਗਈਆਂ ਹਨ । ਇਹੋ ਹਾਲ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦਾ ਹੋਇਆ ਹੈ । ਪਿੰਡ ਵਿੱਚ ਹੀ ਝਗੜਿਆਂ ਦੇ ਨਿਪਟਾਰੇ ਦੀ ਥਾਂ ਕੇਸ ਠਾਣੇ ਅਤੇ ਕਚਹਿਰੀਆਂ ਵਿੱਚ ਜਾ ਰਹੇ ਹਨ । ਪਿੰਡ ਦੇ ਬਹੁਤੇ ਚੌਧਰੀ ਠਾਣੇ ਅਤੇ ਕਚਹਿਰੀ ਵਿੱਚ ਸਿਫ਼ਾਰਸ਼ ਕਰਨ ਦੇ ਬਹਾਨੇ ਰਿਸ਼ਵਤ ਲੈਂਦੇ ਹਨ । ਕੁੱਝ ਪੈਸੇ ਆਪਣੇ ਕੋਲ ਬਾਕੀ ਸੰਬੰਧਿਤ ਅਧਿਕਾਰੀ ਤਾਂਈ ਪਹੁੰਚਾ ਦਿੰਦੇ ਹਨ । ਪਿੰਡਾਂ ਵਿੱਚ ਸਿੱਖਿਆ ਤੇ ਸਿਹਤ ਸਹੂਲਤਾਂ ਵੀ ਵਧੀਆ ਨਹੀਂ ਹੋ ਸਕੀਆਂ ਇਸ ਕਰਕੇ ਪੇਂਡੂ ਬੱਚੇ ਮੁਕਾਬਲੇ ਦੇ ਇਮਤਿਹਾਨਾਂ ਵਿੱਚ ਪਿੱਛੇ ਰਹਿ ਜਾਂਦੇ ਹਨ । ਉਹ ਬੇਰੁਜ਼ਗਾਰ ਕਿਸੇ ਨੇਤਾ ਦਾ ਪੱਲੂ ਫੜਦੇ ਹਨ ਜਾਂ ਜ਼ਮੀਨ ਵੇਚ ਵਿਦੇਸ਼ਾਂ ਦਾ ਰੁਖ ਕਰਦੇ ਹਨ ਜਾਂ ਫਿਰ ਮਾਯੂਸ ਹੋ ਕੇ ਨਸ਼ਿਆਂ ਦੇ ਲੜ ਲੱਗ ਜਾਂਦੇ ਹਨ । ਜੇਕਰ ਪਿੰਡ ਵਿੱਚ ਏਕਾ ਹੋਵੇ ਤਾਂ ਬਹੁਤੇ ਫ਼ੈਸਲੇ ਪਿੰਡਾਂ ਵਿੱਚ ਵੀ ਹੋ ਸਕਦੇ ਹਨ, ਨਸ਼ਿਆਂ ਨੂੰ ਵਧੀਆ ਬਣਾਇਆ ਜਾ ਸਕਦਾ ਹੈ । ਪਰ ਅਜਿਹਾ ਨਹੀਂ ਹੋ ਸਕਿਆ ਵਿਉਪਾਰ ਬਣੀ ਰਾਜਨੀਤੀ ਨੇ ਲੋਕਰਾਜ ਦੇ ਮੁੱਢਲੇ ਥੰਮ ਨੂੰ ਵੀ ਰੋਗੀ ਬਣਾ ਦਿੱਤਾ ਹੈ । ਇਸ ਨੂੰ ਠੱਲ ਕੋਈ ਇਮਾਨਦਾਰ ਸੂਝਵਾਨ ਅਤੇ ਲੋਕ ਹਿੱਤਾਂ ਬਾਰੇ ਸੋਚਣ ਵਾਲਾ ਹੀ ਪਾ ਸਕਦਾ ਹੈ । ਡਾ. ਮਨਮੋਹਨ ਸਿੰਘ ਜਦੋਂ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਇਸ ਪਾਸੇ ਕਦਮ ਚੁੱਕੇ ਸਨ । ਪੰਚਾਇਤੀ ਰਾਜ ਨੂੰ ਮੁੜ ਸੁਰਜੀਤ ਕਰਨ ਲਈ ਉਨ੍ਹਾਂ 2010 ਵਿੱਚ ਫ਼ੈਸਲਾ ਕੀਤਾ ਦੇਸ਼ ਵਿੱਚ ਹਰ ਸਾਲ 24 ਅਪ੍ਰੈਲ ਨੂੰ ਕੌਮੀ ਪੰਚਾਇਤੀ ਰਾਜ ਦਿਵਸ ਦੇ ਤੌਰ ਉੱਤੇ ਮਨਾਇਆ ਜਾਵੇਗਾ । ਵਿਦਿਆ ਤੇ ਸਿਹਤ ਦੇ ਹੱਕ ਲਈ ਸਕੂਲਾਂ ਅਤੇ ਹਸਪਤਾਲਾਂ ਦੀ ਕਾਇਆ ਕਲਪ ਕਰਨ ਦਾ ਯਤਨ ਕੀਤਾ । ਵੱਡੇ ਅਦਾਰਿਆਂ ਵਿੱਚ ਗਰੀਬਾਂ ਲਈ ਸੀਟਾਂ ਰਿਜ਼ਰਵ ਕਰਵਾਈਆਂ । ਕੁੜੀਆਂ ਨੂੰ ਸਾਈਕਲ ਦਿੱਤੇ ਅਤੇ ਮਿਡ ਡੇ ਮੀਲ ਸ਼ੁਰੂ ਕੀਤਾ । ਹਸਪਤਾਲਾਂ ਦੀ ਸਹੂਲਤ ਵਿੱਚ ਵਾਧਾ ਹੋਇਆ ਥਾਂ-ਥਾਂ 108 ਨੰਬਰ ਵਾਲੀਆਂ ਐਂਬੂਲੈਂਸਾਂ ਖੜ੍ਹੀਆਂ ਕੀਤੀਆਂ । ਬੇਰੁਜ਼ਗਾਰੀ ਨੂੰ ਰੋਕਣ ਲਈ ਮਨਰੇਗਾ ਸ਼ੁਰੂ ਕੀਤਾ, ਸੂਚਨਾ ਦਾ ਅਧਿਕਾਰ, ਭੋਜਨ ਦਾ ਅਧਿਕਾਰ ਇਨ੍ਹਾਂ ਲਈ ਸੰਸਥਾਵਾਂ ਹੁਣ ਵੀ ਹਨ ਪਰ ਜ਼ਮੀਨੀ ਪੱਧਰ ਉੱਤੇ ਕੋਈ ਬਹੁਤਾ ਕੰਮ ਨਹੀਂ ਹੋ ਰਿਹਾ । ਜੇਕਰ 2041 ਤੱਕ ਦੇਸ਼ ਨੂੰ ਵਿਕਸਤ ਲੋਕਰਾਜ ਬਣਾਉਣਾ ਹੈ ਤਾਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਪਵੇਗਾ । ਦੇਸ਼ ਦੀ ਅਧਿਉਂ ਵੱਧ ਅਬਾਦੀ ਪਿੰਡਾਂ ਵਿੱਚ ਵਸਦੀ ਹੈ । ਅਮੀਰ ਗਰੀਬ ਵਿੱਚ ਵੱਧ ਰਹੇ ਪਾੜੇ ਨੂੰ ਘੱਟ ਕਰਨ ਲਈ ਪੇਂਡੂ ਅਤੇ ਖੇਤੀ ਵਿਕਾਸ ਜ਼ਰੂਰੀ ਹੈ । ਗਣਤੰਤਰ ਦਿਵਸ ਕੇਵਲ ਸਮਾਗਮਾਂ ਤੱਕ ਸੀਮਤ ਨਾ ਰਹੇ ਸਗੋਂ ਸਵੈ ਪੜਚੋਲ ਵੀ ਕੀਤੀ ਜਾਵੇ ਤਾਂ ਜੋ ਕਮੀਆਂ ਨੂੰ ਦੂਰ ਕੀਤਾ ਜਾ ਸਕੇ ।



ਰਾਜਸੀ ਪਾਰਟੀਆਂ ਨੇ ਪਿੰਡਾਂ ਵਿੱਚ ਆਪਣਾ ਪ੍ਰਭਾਵ ਵਧਾਉਣ ਲਈ ਆਪਣੀ ਪਾਰਟੀ ਦੇ ਮੈਂਬਰਾਂ ਨੂੰ ਪੰਚ ਸਰਪੰਚ ਬਣਾਉਣ ਲਈ ਯਤਨ ਸ਼ੁਰੂ ਕਰ ਦਿੱਤੇ । ਸਰਬਸੰਮਤੀ ਨਾਲ ਸੇਵਾ ਨੂੰ ਸਮਰਪਿਤ ਦੇ ਨਿਰਪੱਖ ਬੰਦਿਆਂ ਨੂੰ ਸਰਬਸੰਮਤੀ ਨਾਲ ਸਰਪੰਚ ਚੁਣਨ ਦਾ ਰੁਝਾਨ ਘੱਟ ਹੋਣ ਲੱਗ ਪਿਆ । ਜਦੋਂ ਮੁਕਾਬਲਾ ਸ਼ੁਰੂ ਹੋਇਆ ਤਾਂ ਵੋਟਰ ਧੜਿਆਂ ਵਿੱਚ ਜਿਸ ਸਰਪੰਚ ਨੇ ਚੋਣ ਜਿੱਤਣ ਲਈ ਲੱਖਾਂ ਰੁਪਏ ਖਰਚੇ ਹੋਣ ਉਸ ਨੇ ਘਾਟਾ ਤਾਂ ਪੂਰਾ ਕਰਨਾ ਹੀ ਹੈ । ਇੰਝ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਵੀ ਹੇਰਾ ਫੇਰੀ ਅਤੇ ਭ੍ਰਿਸ਼ਟਾਚਾਰ ਆਣ ਵੜਿਆ । ਇੰਝ ਪਿੰਡਾਂ ਵਿੱਚ ਹੀ ਝਗੜਿਆਂ ਦਾ ਨਿਪਟਾਰਾ ਅਤੇ ਵਿਕਾਸ ਕਾਰਜ ਵਿੱਚ ਰੁਕਾਵਟ ਆ ਗਈ । ਪਿੰਡ ਦੇ ਸਕੂਲ ਅਤੇ ਸਿਹਤ ਸਹੂਲਤਾਂ ਵੱਲ ਵੀ ਪੰਚਾਇਤ ਦਾ ਧਿਆਨ ਹੱਟ ਹੀ ਗਿਆ ਹੈ । ਜੇਕਰ ਪਿੰਡ ਦੀ ਪੰਚਾਇਤ ਚਾਹਵੇ ਤਾਂ ਆਪਣੇ ਪਿੰਡ ਦੇ ਸਕੂਲ ਅਖੌਤੀ ਨਿੱਕੀ ਅੰਗ੍ਰੇਜ਼ੀ ਸਕੂਲਾਂ ਤੋਂ ਵਧੀਆ ਬਣਾ ਸਕਦੀ ਹੈ । ਹਰੇਕ ਪਿੰਡ ਵਿੱਚ ਐਨ ਆਰ ਆਈ ਹਨ ਜਿਹੜੇ ਪਿੰਡ ਦੇ ਵਿਕਾਸ ਲਈ ਕੁੱਝ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਪ੍ਰੇਰ ਕੇ ਮਾਇਆ ਦੀ ਤੰਗੀ ਦੂਰ ਹੋ ਸਕਦੀ ਹੈ । ਕੁੱਝ ਪੰਚਾਇਤਾਂ ਅਜਿਹਾ ਕਰ ਰਹੀਆਂ ਹਨ । ਉਨ੍ਹਾਂ ਨੇ ਸਕੂਲ ਫੰਡ ਬਣਾਏ ਹਨ ਜਿਸ ਨਾਲ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਨੂੰ ਪੂਰਾ ਕੀਤਾ ਗਿਆ ਹੈ । ਇਮਾਰਤਾਂ ਅਤੇ ਫਰਨੀਚਰ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ । ਜੇਕਰ ਸਰਕਾਰ ਵੱਲ ਹੀ ਵੇਖਿਆ ਜਾਵੇ ਤਾਂ ਔਖਾ ਹੈ ਕਿਉਂਕਿ ਸਰਕਾਰਾਂ ਕੋਲ ਪੈਸੇ ਦੀ ਘਾਟ ਹੈ । ਉਨ੍ਹਾਂ ਕੋਲ ਵਿਕਾਸ ਲਈ ਪੈਸਾ ਹੀ ਨਹੀਂ । ਪੰਜਾਬ ਵਿੱਚ ਕਈ ਅਜਿਹੇ ਪਿੰਡ ਹਨ ਜਿੱਥੇ ਪੰਚਾਇਤ ਅਤੇ ਵਿਦੇਸ਼ ਰਹਿੰਦੇ ਪਿੰਡ ਵਾਸੀਆਂ ਨੇ ਪਿੰਡ ਦੀ ਕਾਇਆ ਕਲਪ ਕੀਤੀ ਹੈ । ਪਰ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਲੋਕਰਾਜ ਦੇ ਇਸ ਮੁੱਢਲੇ ਅਤੇ ਜ਼ਰੂਰੀ ਕੰਮ ਨੂੰ ਹੋਰ ਮਜ਼ਬੂਤ ਕਰਨ ਦੀ ਥਾਂ ਰਾਜਸੀ ਪਾਰਟੀਆਂ ਨੇ ਪਿੰਡਾਂ ਵਿੱਚ ਧੜੇਬੰਦੀ ਅਤੇ ਭ੍ਰਿਸ਼ਟਾਚਾਰ ਨੂੰ ਵਾੜ ਦਿੱਤਾ ਹੈ । ਪੰਜਾਬ ਵਿੱਚ ਹੁਣੇ ਹੋਈਆਂ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਸਮੇਂ ਸਾਰੀਆਂ ਪਾਰਟੀਆਂ ਨੇ ਚੋਣਾਂ ਜਿੱਤਣ ਲਈ ਜਿਹੋ ਜਿਹਾ ਪ੍ਰਚਾਰ ਕੀਤਾ ਤੇ ਗਲਤ ਢੰਗ ਤਰੀਕੇ ਅਪਨਾਏ ਉਹ ਜਗ ਜਾਹਿਰ ਹਨ । ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜ਼ਬੂਤ ਕਰਕੇ ਲੋਕਰਾਜ ਨੂੰ ਪੱਕੇ ਪੈਰੀਂ ਕਰਨ ਦੀ ਥਾਂ ਸਾਡੇ ਆਗੂਆਂ ਨੇ ਇਸ ਨੂੰ ਵੋਟ ਪ੍ਰਾਪਤੀ ਦਾ ਅਖਾੜਾ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ । ਸਮੇਂ ਦੇ ਬੀਤਣ ਨਾਲ ਇਹ ਸੰਸਥਾਵਾਂ ਖੁਦਮੁਖਤਿਆਰ ਤੇ ਮਜ਼ਬੂਤ ਹੋਣੀਆਂ ਚਾਹੀਦੀਆਂ ਸਨ ਪਰ ਇਨ੍ਹਾਂ ਵਿੱਚ ਨਿਘਾਰ ਆ ਰਿਹਾ ਹੈ ਇਹ ਆਪਣੇ ਮੰਤਵ ਤੋਂ ਥਿੜਕ ਰਹੀਆਂ ਹਨ ।



# ਰਸਾਇਣਕ ਖਾਦਾਂ ਦੀ ਵਰਤੋਂ ਨੂੰ ਘਟਾਉਣ ਦੀ ਲੋੜ

ਪਿਛਲੀ ਸ਼ਤਾਬਦੀ ਦੇ ਮੱਧ ਤੋਂ ਬਾਅਦ ਸ਼ਬਦ ਇਨਕਲਾਬ ਦੇ ਦਰਮਿਆਨ ਰਸਾਇਣਕ ਖਾਦਾਂ ਦੀ ਵਰਤੋਂ ਹੋਣੀ ਸ਼ੁਰੂ ਹੋਈ ਤੇ ਹਰ ਸਾਲ ਵੱਧਦੀ ਗਈ, ਜਿਸ ਵਿੱਚ ਯੂਰੀਆ ਦੀ ਖ਼ਪਤ ਸਿਖ਼ਰਾਂ 'ਤੇ ਰਹੀ। ਪੰਜਾਬ ਵਿੱਚ ਕਣਕ ਤੇ ਝੋਨਾ ਫ਼ਸਲੀ ਚੱਕਰ ਪ੍ਰਧਾਨ ਹੋਣ ਕਰਕੇ ਪ੍ਰਤੀ ਏਕੜ ਯੂਰੀਆ ਦੀ ਖ਼ਪਤ ਸਭ ਰਾਜਾਂ ਨਾਲੋਂ ਵੱਧ ਹੈ। ਕੁੱਲ ਭਾਰਤ ਵਿੱਚ ਇਹ 40 ਮਿਲੀਅਨ ਟਨ ਨੂੰ ਛੂਹ ਰਹੀ ਹੈ। ਯੂਰੀਆ 'ਤੇ ਭਾਰਤ ਸਰਕਾਰ ਵੱਡੀ ਸਬਸਿਡੀ



ਭਗਵਾਨ ਦਾਸ

ਦਿੰਦੀ ਹੈ। ਭਾਵੇਂ 5-6 ਮਿਲੀਅਨ ਟਨ ਯੂਰੀਆ ਮਹਿੰਗੇ ਭਾਅ ਆਯਾਤ ਕਰਨੀ ਪੈਂਦੀ ਹੈ। ਕਿਸਾਨਾਂ ਨੂੰ ਇਹ ਬੜਾ ਸਸਤੇ ਭਾਅ 266 ਰੁਪਏ 45 ਕਿਲੋ ਦਾ ਨਿੰਮਲਿਪਤ ਥੈਲਾ ਉਪਲੱਬਧ ਹੈ। ਇਹ ਇਕੱਲੀ ਅਜਿਹੀ ਖਾਦ ਹੈ ਜਿਸ ਦੀ ਕੀਮਤ ਪਿਛਲੇ ਇੱਕ ਦਹਾਕੇ ਤੋਂ ਨਹੀਂ ਵਧਾਈ ਗਈ।

ਪੰਜਾਬ ਵਿੱਚ ਕਣਕ 35 ਲੱਖ ਹੈਕਟੇਅਰ 'ਤੇ ਬੀਜੀ ਗਈ ਹੈ, ਜਿਸ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਅਨੁਸਾਰ 15.5 ਲੱਖ ਟਨ ਯੂਰੀਆ ਲੋੜੀਂਦੀ ਹੈ। ਪੀ.ਏ.ਯੂ. ਵੱਲੋਂ 110 ਕਿਲੋ ਪ੍ਰਤੀ ਏਕੜ ਯੂਰੀਆ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ ਪਰ ਕਿਸਾਨ 200 ਤੋਂ 220 ਕਿਲੋ ਪ੍ਰਤੀ ਏਕੜ ਤੱਕ ਵੀ ਇਹ ਖਾਦ ਪਾਈ ਜਾ ਰਹੇ ਹਨ। ਪੀ. ਏ. ਯੂ. ਵੱਲੋਂ ਯੂਰੀਆ ਦੀ ਖ਼ਪਤ ਘਟਾਉਣ ਸੰਬੰਧੀ ਕੀਤੀ ਗਈ ਇਹ ਵੀ ਸਿਫ਼ਾਰਸ਼ ਹੈ ਕਿ ਜੇ ਦੂਜੀ ਸਿੰਜਾਈ ਸਮੇਂ ਖੇਤਾਂ ਵਿੱਚ ਪਾਣੀ ਖੜ੍ਹਾ ਹੋਵੇ ਤਾਂ ਯੂਰੀਆ ਪਾਉਣ ਦੀ ਥਾਂ 7.5 ਫ਼ੀਸਦੀ ਯੂਰੀਆ ਘੋਲ ਦੇ ਦੋ ਛਿੜਕਾਅ ਇਕਾਈ ਤੋਂ 42 ਤੋਂ 54 ਦਿਨ ਬਾਅਦ ਕਿਸੇ ਧੁੱਪ ਵਾਲੇ ਦਿਨ ਕੀਤੇ ਜਾਣ। ਛਿੜਕਾਅ ਦੋ ਤਰਫਾ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਫ਼ਸਲ ਨੂੰ ਪੂਰਾ ਲਾਭ ਪਹੁੰਚੇ। ਅੱਧ ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ ਠੀਕ ਸਮੇਂ 'ਤੇ ਬੀਜੀ ਕਣਕ ਨਾਲੋਂ 25 ਫ਼ੀਸਦੀ ਨਾਈਟ੍ਰੋਜਨ (ਯੂਰੀਆ) ਘੱਟ ਪਾਉਣ ਲਈ ਵੀ ਪੀ. ਏ. ਯੂ. ਵੱਲੋਂ ਕਿਹਾ ਗਿਆ ਹੈ। ਜਦਕਿ ਕਲਰਾਠੀ ਜ਼ਮੀਨਾਂ 'ਤੇ ਬੀਜੀ ਕਣਕ ਨੂੰ 25 ਫ਼ੀਸਦੀ ਵਧੇਰੇ ਨਾਈਟ੍ਰੋਜਨ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ।

ਪੰਜਾਬ ਵਿੱਚ ਪ੍ਰਤੀ ਏਕੜ ਯੂਰੀਆ ਦੀ ਖ਼ਪਤ ਦੂਜੇ ਸਭ ਰਾਜਾਂ ਨਾਲੋਂ ਵੱਧ ਹੈ। ਇਸ ਦੀ ਫ਼ਸਲੀ ਘਣਤਾ ਵੀ ਜ਼ਿਆਦਾ ਹੋਣ ਕਰਕੇ ਯੂਰੀਆ ਦੀ ਖ਼ਪਤ ਜ਼ਿਆਦਾ ਹੈ। ਆਲੂਆਂ ਦੀ ਕਾਸ਼ਤ ਹੇਠ ਵੀ ਰਕਬਾ ਵੱਧ ਰਿਹਾ ਹੈ। ਹੁਣ ਯੂਰੀਆ ਦੀ ਘਾਟ ਹਰ ਸਾਲ ਮਹਿਸੂਸ ਕੀਤੀ ਜਾ ਰਹੀ ਹੈ। ਇਸ ਸਾਲ ਤਾਂ ਸ਼ੁਰੂ-ਸ਼ੁਰੂ ਵਿੱਚ ਕੁੱਝ ਕਿਸਾਨਾਂ ਨੇ ਥੋੜ੍ਹੀ ਬਹੁਤੀ ਕੀਮਤ ਵੱਧ ਦੇ ਕੇ ਵੀ ਯੂਰੀਆ ਖਰੀਦਿਆ ਸੀ। ਪੰਜਾਬ ਵਿੱਚ ਯੂਰੀਆ 60 ਫ਼ੀਸਦੀ ਕੋਆਪ੍ਰੇਟਿਵ ਸੁਸਾਇਟੀਆਂ ਰਾਹੀਂ ਅਤੇ 40 ਫ਼ੀਸਦੀ ਯੂਰੀਆ ਨਿੱਜੀ ਡੀਲਰਾਂ ਰਾਹੀਂ ਦਿੱਤਾ ਜਾਂਦਾ ਹੈ। ਇਸ ਵੰਡ ਪ੍ਰਣਾਲੀ ਵਿੱਚ ਸੁਧਾਰ ਲਿਆਉਣ ਦੀ ਲੋੜ ਹੈ, ਕਿਉਂਕਿ ਕਿਤੇ ਸੁਸਾਇਟੀਆਂ ਤੇ ਡੀਲਰਾਂ ਕੋਲ ਯੂਰੀਆ ਵੱਧ ਪਿਆ ਹੈ ਤੇ ਕਿਤੇ ਉਪਲੱਬਧ ਹੀ ਨਹੀਂ ਹੈ।

ਭਾਰਤ ਵਿੱਚ ਸਭ ਰਾਜਾਂ ਤੋਂ ਵੱਧ ਪੰਜਾਬ ਵਿੱਚ ਕਣਕ ਤੇ ਝੋਨੇ ਵਿੱਚ ਯੂਰੀਆ ਤੇ ਡੀ. ਏ. ਪੀ. ਪਾਏ ਜਾ ਰਹੇ ਹਨ। ਯੂਰੀਆ ਦੀ ਖਪਤ ਵੱਧਣ ਨਾਲ ਬਿਮਾਰੀਆਂ ਤੇ ਹਾਨੀਕਾਰਕ ਕੀੜਿਆਂ ਦੇ ਹਮਲਿਆਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਕੀਟਨਾਸ਼ਕਾਂ ਤੇ ਨਦੀਨਨਾਸ਼ਕਾਂ ਦਾ ਇਸਤੇਮਾਲ ਵੱਧ ਰਿਹਾ ਹੈ। ਭਾਵੇਂ ਯੂ. ਪੀ. ਐਲ. ਜਿਹੀਆਂ ਕੰਪਨੀਆਂ ਜਿਨ੍ਹਾਂ ਦੇ ਕੀਟਨਾਸ਼ਕ ਤੇ ਨਦੀਨਨਾਸ਼ਕ ਪ੍ਰਭਾਵਸ਼ਾਲੀ ਸਾਬਤ ਹੋਏ ਹਨ, ਕਿਸਾਨਾਂ ਨੂੰ ਮਿਆਰੀ ਉਤਪਾਦ ਦੇ ਰਹੀਆਂ ਹਨ। ਸਰਕਾਰ ਵੱਲੋਂ ਯੂਰੀਆ ਦੀ ਖ਼ਪਤ ਘਟਾਉਣ ਲਈ ਯਤਨ ਕੀਤੇ ਜਾ ਰਹੇ ਹਨ, ਜਿਵੇਂ 50 ਕਿਲੋ ਯੂਰੀਆ ਵਾਲਾ ਥੈਲਾ 45 ਕਿਲੋ ਕਰ ਦਿੱਤਾ ਗਿਆ ਹੈ। ਪਰ ਇਸ ਵਿੱਚ ਕੋਈ ਬਹੁਤੀ ਸਫ਼ਲਤਾ ਨਹੀਂ ਮਿਲੀ।

ਭਾਰਤ ਵਿੱਚ ਸਭ ਰਾਜਾਂ ਤੋਂ ਵੱਧ ਪੰਜਾਬ ਵਿੱਚ ਕਣਕ ਤੇ ਝੋਨੇ ਵਿੱਚ ਯੂਰੀਆ ਤੇ ਡੀ. ਏ. ਪੀ. ਪਾਏ ਜਾ ਰਹੇ ਹਨ। ਯੂਰੀਆ ਦੀ ਖਪਤ ਵੱਧਣ ਨਾਲ ਬਿਮਾਰੀਆਂ ਤੇ ਹਾਨੀਕਾਰਕ ਕੀੜਿਆਂ ਦੇ ਹਮਲਿਆਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਕੀਟਨਾਸ਼ਕਾਂ ਤੇ ਨਦੀਨਨਾਸ਼ਕਾਂ ਦਾ ਇਸਤੇਮਾਲ ਵੱਧ ਰਿਹਾ ਹੈ। ਭਾਵੇਂ ਯੂ. ਪੀ. ਐਲ. ਜਿਹੀਆਂ ਕੰਪਨੀਆਂ ਜਿਨ੍ਹਾਂ ਦੇ ਕੀਟਨਾਸ਼ਕ ਤੇ ਨਦੀਨਨਾਸ਼ਕ ਪ੍ਰਭਾਵਸ਼ਾਲੀ ਸਾਬਤ ਹੋਏ ਹਨ, ਕਿਸਾਨਾਂ ਨੂੰ ਮਿਆਰੀ ਉਤਪਾਦ ਦੇ ਰਹੀਆਂ ਹਨ। ਸਰਕਾਰ ਵੱਲੋਂ ਯੂਰੀਆ ਦੀ ਖ਼ਪਤ ਘਟਾਉਣ ਲਈ ਯਤਨ ਕੀਤੇ ਜਾ ਰਹੇ ਹਨ, ਜਿਵੇਂ 50 ਕਿਲੋ ਯੂਰੀਆ ਵਾਲਾ ਥੈਲਾ 45 ਕਿਲੋ ਕਰ ਦਿੱਤਾ ਗਿਆ ਹੈ। ਪਰ ਇਸ ਵਿੱਚ ਕੋਈ ਬਹੁਤੀ ਸਫ਼ਲਤਾ ਨਹੀਂ ਮਿਲੀ। ਗੈਰ-ਰਸਾਇਣਕ ਖਾਦਾਂ ਦੀ ਵਰਤੋਂ ਵਧਾਉਣ ਦੀ ਲੋੜ ਹੈ। ਸਬਜ਼ ਖਾਦਾਂ, ਵਰਮੀਕੰਪੋਸਟ ਆਦਿ ਵਰਤ ਕੇ ਉਤਪਾਦਨ ਤੇ ਉਤਪਾਦਕਤਾ ਵਧਾਈ ਜਾ ਸਕਦੀ ਹੈ। ਪੰਜਾਬ ਵਿੱਚ ਬਹੁਤ ਘੱਟ ਰਕਬਾ ਹੈ, ਜਿੱਥੇ ਜੈਵਿਕ ਖੇਤੀ ਕੀਤੀ ਜਾਂਦੀ ਹੈ। ਇਸ ਨੂੰ ਵਧਾਉਣ ਦੀ ਲੋੜ ਹੈ। ਹਾੜੀ ਵੱਢਣ ਤੋਂ ਬਾਅਦ ਸਾਉਣੀ ਦੀਆਂ ਫ਼ਸਲਾਂ ਤੱਕ ਜੋ ਖਾਲੀ ਸਮਾਂ ਹੁੰਦਾ ਹੈ, ਉਸ ਸਮੇਂ ਵਿੱਚ ਹਰੀਆਂ ਖਾਦਾਂ ਪੈਦਾ ਕਰਕੇ ਯੂਰੀਆ ਦੀ ਵਰਤੋਂ ਵਿੱਚ ਕਮੀ ਲਿਆਂਦੀ ਜਾ ਸਕਦੀ ਹੈ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਹੋਵੇਗਾ। ਸਬਜ਼ ਖਾਦ ਦੇ ਕਾਫ਼ੀ ਲਾਭ ਹਨ। ਜ਼ਮੀਨ ਦੀਆਂ ਹੇਠਲੀਆਂ ਤਹਿਆਂ ਵਿੱਚੋਂ ਜੜ੍ਹਾਂ ਰਾਹੀਂ ਖ਼ੁਰਾਕੀ ਤੱਤ ਉੱਪਰ ਆ ਜਾਂਦੇ ਹਨ। ਜ਼ਮੀਨਾਂ ਵਿੱਚ ਕੱਲਰ ਸੁਧਾਰ ਆਉਂਦਾ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ।

ਗੈਰ-ਰਸਾਇਣਕ ਖਾਦਾਂ ਦੀ ਵਰਤੋਂ ਨਾਲ ਦਾਣੇ ਦੇ ਆਕਾਰ ਤੇ ਵਜ਼ਨ ਸੁਧਰਦਾ ਹੈ। ਸਰਦੀਆਂ ਵਿੱਚ ਗੁਣਵੱਤਾ ਵੱਧਦੀ ਹੈ। ਵਰਮੀਕੰਪੋਸਟ ਮਿੱਟੀ ਦੇਖਾਰੇ ਅੰਗ ਨੂੰ ਸਹੀ ਬਣਾ ਕੇ ਬੂਟਿਆਂ ਦੇ ਵਿਕਾਸ ਲਈ ਜ਼ਰੂਰੀ ਤੱਤ ਉਪਲੱਬਧ ਕਰਦਾ ਹੈ, ਜਦਕਿ ਰਸਾਇਣਕ ਖਾਦ ਇਕ-ਦੋ ਤੱਤ ਹੀ ਉਪਲੱਬਧ ਕਰਦੇ ਹਨ। ਰਸਾਇਣਕ ਖਾਦਾਂ ਦੀ ਵੱਧ ਪਾਈ ਜਾ ਰਹੀ ਮਿਕਦਾਰ ਨੂੰ ਘਟਾ ਕੇ ਯੂਰੀਏ ਦੀ ਬੱਚਤ ਹੋਵੇਗੀ ਤੇ ਕਿਸਾਨਾਂ ਦੀ ਆਮਦਨੀ ਵਧੇਗੀ, ਖ਼ਰਚੇ ਘਟਣਗੇ ਤੇ ਉਤਪਾਦਕਤਾ ਵੱਧੇਗੀ। ਇਸ ਵੇਲੇ ਕਿਸਾਨ ਰਸਾਇਣਕ ਖਾਦਾਂ 'ਤੇ ਦਬਾ-ਦਬ ਖ਼ਰਚਾ ਕਰੀ ਜਾ ਰਹੇ ਹਨ, ਕਿਉਂਕਿ ਉਹ ਸਮਝਦੇ ਹਨ ਕਿ ਇਸ ਨਾਲ ਪ੍ਰਤੀ ਏਕੜ ਝਾੜ ਵੱਧੇਗਾ। ਬਹੁਮਤ ਕੋਈ ਹਿਸਾਬ-ਕਿਤਾਬ ਨਹੀਂ ਰੱਖਦੀ। ਨਤੀਜੇ ਵਜੋਂ ਕਿਸਾਨਾਂ ਸਿਰ ਕਰਜ਼ਾ ਵੱਧ ਰਿਹਾ ਹੈ। ਪੰਜਾਬ ਦੀ ਆਰਥਿਕਤਾ ਮੁੱਖ ਤੌਰ 'ਤੇ ਖੇਤੀਬਾੜੀ 'ਤੇ ਹੀ ਆਧਾਰਤ ਹੈ। ਖੇਤੀ ਖ਼ਰਚੇ ਵੱਧਣ ਨਾਲ ਰਾਜ ਦੀ ਪ੍ਰਤੀ ਜੀਅ ਆਮਦਨ ਦੂਜੇ ਰਾਜਾਂ ਦੇ ਮੁਕਾਬਲੇ ਘੱਟਦੀ ਜਾ ਰਹੀ ਹੈ। ਇੱਥੋਂ ਤੱਕ ਕਿ ਹਰਿਆਣਾ ਦੇ ਹਿਮਾਚਲ ਪ੍ਰਦੇਸ਼ ਦੀ ਪ੍ਰਤੀ ਜੀਅ ਆਮਦਨ ਵੀ ਪੰਜਾਬ ਨਾਲੋਂ ਵੱਧ ਗਈ ਹੈ। ਕਿਸੇ ਵੇਲੇ ਪ੍ਰਤੀ ਜੀਅ ਆਮਦਨ ਦੇ ਪੱਖੋਂ ਪੰਜਾਬ ਸਾਰੇ ਰਾਜਾਂ ਵਿੱਚੋਂ ਸਿਖ਼ਰ 'ਤੇ ਸੀ, ਜੋ ਹੁਣ ਬਹੁਤ ਹੇਠਾਂ ਆ ਗਿਆ ਹੈ। ਖੇਤੀ ਆਮਦਨ ਵਧਾਉਣ ਲਈ ਫ਼ਸਲੀ ਵਿਭਿੰਨਤਾ ਇੱਕ ਹੱਲ ਹੈ ਪਰ ਇਸ ਵਿੱਚ ਕੋਈ ਖ਼ਾਸ ਸਫ਼ਲਤਾ ਪ੍ਰਾਪਤ ਨਹੀਂ ਹੋ ਰਹੀ।

ਯੂਰੀਆ ਦੀ ਖ਼ਪਤ ਨਾਲੋਂ ਸਥਾਨਕ ਕੰਪਨੀਆਂ ਜਿਵੇਂ ਇਫਕੋ, ਐਨ. ਐਫ. ਐਲ., ਕ੍ਰਿਭਕੋ, ਚੰਬਲ ਫਰਟੀਲਾਈਜ਼ਰ, ਆਰ. ਸੀ. ਐਫ. ਆਦਿ ਪਲਾਟਾਂ ਵੱਲੋਂ ਯੂਰੀਆ ਬਹੁਤ ਘੱਟ ਮਾਤਰਾ ਵਿੱਚ ਬਣਾਇਆ ਜਾ ਰਿਹਾ ਹੈ। ਸਥਾਨਕ ਪਲਾਂਟਾਂ ਦੇ ਉਤਪਾਦਨ ਵਿੱਚ ਖ਼ਪਤ ਨਾਲੋਂ ਬਹੁਤ ਘੱਟ ਇਜ਼ਾਫ਼ਾ ਹੋ ਰਿਹਾ ਹੈ। ਇਕ ਅਨੁਮਾਨ ਅਨੁਸਾਰ ਜੇ ਸਥਾਨਕ ਉਤਪਾਦਨ ਸ਼ਕਤੀ ਨਾ ਵੱਧੀ ਤਾਂ 10 ਮਿਲੀਅਨ ਟਨ ਤੱਕ ਯੂਰੀਆ ਦਾ ਅਯਾਤ ਕਰਨਾ ਪੈ ਸਕਦਾ ਹੈ। ਇਸ ਨਾਲ ਖਾਦਾਂ ਦੀ ਸਬਸਿਡੀ ਵਧੇਗੀ ਤੇ ਕੇਂਦਰ ਨੂੰ ਆਪਣੇ ਬਜਟ ਵਿੱਚ ਵਧੇਰੇ ਸਬਸਿਡੀ ਦੇਣ ਲਈ ਕਾਫ਼ੀ ਵਾਧਾ ਕਰਨਾ ਪਵੇਗਾ।



# ਪਿਆਜ਼ ਅਤੇ ਲਸਣ ਵਿੱਚ ਕੀੜੇ ਅਤੇ ਬਿਮਾਰੀਆਂ ਦੀ ਰੋਕਥਾਮ ਕਿਵੇਂ ਕਰੀਏ?

**ਪਿਆਜ਼ ਅਤੇ ਲਸਣ ਪੰਜਾਬ ਦੀਆਂ ਮੁੱਖ ਫ਼ਸਲਾਂ ਹਨ, ਜੋ ਨਾ ਸਿਰਫ਼ ਕਿਸਾਨਾਂ ਦੀ ਆਮਦਨ ਦਾ ਸਰੋਤ ਹਨ, ਸਗੋਂ ਘਰੇਲੂ ਖਪਤ ਅਤੇ ਅਨੇਕ ਲਾਭਕਾਰੀ ਗੁਣਾਂ ਕਰਕੇ ਵੀ ਬਹੁਤ ਮਹੱਤਵਪੂਰਨ ਹਨ। ਪਰ ਪਿਛਲੇ ਕੁੱਝ ਸਾਲਾਂ ਤੋਂ ਇਹਨਾਂ ਫ਼ਸਲਾਂ ਵਿੱਚ ਕਈ ਕੀੜਿਆਂ ਅਤੇ ਬਿਮਾਰੀਆਂ ਦੀ ਸਮੱਸਿਆ ਦਾ ਵਾਧਾ ਹੋ ਰਿਹਾ ਹੈ, ਜਿਸ ਨਾਲ ਪੈਦਾਵਾਰ ਤੇ ਮਾੜਾ ਅਸਰ ਹੁੰਦਾ ਹੈ।**

ਸੁਮਨ ਕੁਮਾਰੀ ਅਤੇ ਪ੍ਰਭਜੋਤ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ (ਮੋ. 62394-50418)

**ਕੀੜਿਆਂ ਦੇ ਮੁੱਖ ਕਾਰਨ :**

ਪਿਆਜ਼ ਅਤੇ ਲਸਣ ਵਿੱਚ ਕੀੜੇ ਅਤੇ ਬਿਮਾਰੀਆਂ ਦੇ ਵੱਧਣ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਮੌਸਮੀ ਤਬਦੀਲੀ ਹੈ। ਤਾਪਮਾਨ ਵੱਧਣ ਅਤੇ ਨਮੀਂ ਵਿੱਚ ਅਸੰਤੁਲਨ ਨਾਲ ਕੀੜਿਆਂ ਦੀ ਗਿਣਤੀ ਤੇਜ਼ੀ ਨਾਲ ਵੱਧਦੀ ਹੈ। ਇਸ ਤੋਂ ਇਲਾਵਾ ਇੱਕੋ ਫ਼ਸਲ ਦੀ ਲਗਾਤਾਰ ਕਾਸ਼ਤ, ਅਸੰਤੁਲਿਤ ਖਾਦਾਂ ਦੀ ਵਰਤੋਂ, ਗਲਤ ਸਿੰਚਾਈ ਅਤੇ ਲੋੜ ਤੋਂ ਵੱਧ ਕੀਟਨਾਸ਼ਕਾਂ ਦੀ ਵਰਤੋਂ ਵੀ ਕੀੜੇ ਅਤੇ ਬਿਮਾਰੀਆਂ ਨੂੰ ਵਧਾਉਂਦੇ ਹਨ।

**ਰੋਕਥਾਮ :**

**ਥਰਿੱਪ (ਜੂੰ)** : ਇਹ ਕੀੜਾ ਫ਼ਰਵਰੀ ਤੋਂ ਮਈ ਤੱਕ ਭੂਕਾਂ ਦਾ ਰਸ ਚੂਸਦਾ ਹੈ, ਨਤੀਜੇ ਵਜੋਂ ਪੱਤੇ ਚਾਂਦੀ ਰੰਗੇ ਦਿੱਖਣ ਲੱਗ ਪੈਂਦੇ ਹਨ ਅਤੇ ਹੌਲੀ-ਹੌਲੀ ਸੁੱਕ ਜਾਂਦੇ ਹਨ।

**ਪਿਆਜ਼ ਦੀ ਸੁੰਡੀ** : ਇਹ ਸੁੰਡੀ ਮਿੱਟੀ ਵਿੱਚ ਰਹਿ ਕੇ ਗੰਢਾਂ ਅਤੇ ਜੜ੍ਹਾਂ ਨੂੰ ਨੁਕਸਾਨ ਕਰਦੇ ਹਨ, ਜਿਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਮਰ ਜਾਂਦੇ ਹਨ।

**ਬਿਮਾਰੀਆਂ ਦੇ ਮੁੱਖ ਕਾਰਨ**

**ਜਾਮਨੀ ਦਾਗ ਪੈਣਾ** : ਪੱਤਿਆਂ ਅਤੇ ਫੁੱਲਾਂ ਵਾਲੀ ਡੰਡੀ ਉੱਪਰ ਜਾਮਨੀ ਦਾਗ ਪੈ ਜਾਂਦੇ ਹਨ।

**ਪੀਲੇ ਧੱਬੇ** : ਬੀਜ ਵਾਲੀਆਂ ਡੰਡੀਆਂ ਉੱਪਰ ਤਕਰੀਬਨ ਗੋਲ ਧੱਬੇ ਪੈ ਜਾਂਦੇ ਹਨ, ਫ਼ਸਲ ਝੁਲਸੀ ਹੋਈ ਲੱਗਦੀ ਹੈ ਅਤੇ ਡੰਡੀਆਂ ਟੁੱਟ ਜਾਂਦੀਆਂ ਹਨ।

**ਰੋਕਥਾਮ**

1. ਥਰਿੱਪ ਦੀ ਰੋਕਥਾਮ ਲਈ 30 ਗ੍ਰਾਮ ਜੰਪ 80 ਡਬਲਯੂ ਜੀ (ਫ਼ਿਪਰੋਨਿਲ) ਜਾਂ 250 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।
2. ਫ਼ਸਲ ਚੱਕਰ ਅਪਣਾਉ ਅਤੇ ਇੱਕੋ ਫ਼ਸਲ ਲਗਾਤਾਰ ਨਾ ਬੀਜੋ।
3. ਸੰਤੁਲਿਤ ਖਾਦਾਂ ਦੀ ਵਰਤੋਂ ਕਰੋ।
4. ਸਿਹਤਮੰਦ ਬੀਜ ਦੀ ਵਰਤੋਂ ਕਰੋ।
5. ਹਮਲੇ ਵਾਲੇ ਬੂਟੇ ਅਤੇ ਪੌਦਿਆਂ ਦੀ ਰਹਿੰਦ-ਖੂੰਹਦ ਨੂੰ ਇਕੱਠਾ ਕਰਕੇ ਨਸ਼ਟ ਕਰੋ।
6. ਰੋਗ ਰਹਿਤ ਬੀਜ ਦੀ ਵਰਤੋਂ ਕਰੋ।

ਬਿਮਾਰੀਆਂ ਦੀ ਰੋਕਥਾਮ ਲਈ 300 ਗ੍ਰਾਮ ਕੇਵੀਅਟ 25 ਡਬਲਯੂ ਜੀ ਜਾਂ 600 ਗ੍ਰਾਮ ਇੰਡੋਫਿਲ ਐਮ-45 ਨੂੰ 220ਮਿਲੀਲਿਟਰ ਟਰਾਈਟੋਨ ਜਾਂ ਅਲਸੀ ਦਾ ਤੇਲ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ। 10 ਦਿਨਾਂ ਦੇ ਵਕਫੇ ਤੇ ਤਿੰਨ ਛਿੜਕਾਅ ਹੋਰ ਕਰੋ।

# ਕਾਰਪੋਰੇਟਾਂ ਦੇ ਹੱਕ ਵਿੱਚ ਬਦਲੇ ਜਾ ਰਹੇ ਹਨ ਕਿਰਤ ਕਾਨੂੰਨ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ. 96537-9000

ਸ਼ਾਹੂਕਾਰਾ ਸਿਸਟਮ ਨੇ ਸਮੇਂ ਨਾਲ ਆਪਣੇ-ਆਪ ਨੂੰ ਬਦਲ ਕੇ ਕਾਰਪੋਰੇਟ ਦਾ ਰੂਪ ਧਾਰਨ ਕਰ ਲਿਆ। ਇਸ ਬਦਲਾਅ ਲਈ ਸਮੇਂ ਦੀਆਂ ਸਰਕਾਰਾਂ ਸਹੂਲਤਾਂ ਦਿੰਦੀਆਂ ਹਨ। ਸਰਕਾਰਾਂ ਲੋੜ ਅਨੁਸਾਰ ਕਾਨੂੰਨ ਬਣਾਉਂਦੀਆਂ ਹਨ, ਤਾਂ ਕਿ ਮਜ਼ਦੂਰ ਅਤੇ ਕਾਰਪੋਰੇਟ ਦੋਵੇਂ ਹੀ ਤਰੱਕੀ ਕਰਨ। ਆਜ਼ਾਦੀ ਤੋਂ ਪਹਿਲਾਂ ਇਹ ਵਿਵਸਥਾ ਰਾਜਿਆਂ ਤੇ ਅੰਗਰੇਜ਼ਾਂ ਦੇ ਰੂਪ ਵਿੱਚ ਸੀ ਅਤੇ ਆਜ਼ਾਦੀ ਤੋਂ ਬਾਅਦ ਇਹ ਸਿਆਸਤ ਦੀ ਰੰਗਤ ਵਿੱਚ ਰੰਗ ਕੇ ਆਉਣ ਲੱਗੀ। ਖ਼ੈਰ ਆਜ਼ਾਦੀ ਤੋਂ ਬਾਅਦ ਇੱਕ ਦੌਰ ਆਇਆ, ਜਿਸ ਵਿੱਚ ਅਸਮਾਨਤਾ ਘੱਟਣ ਲੱਗੀ ਅਤੇ ਲੋਕਾਂ ਵਿੱਚ ਆਰਥਿਕ ਪਾੜਾ ਘੱਟਣਾ ਸ਼ੁਰੂ ਹੋਇਆ। ਜਿਵੇਂ-ਜਿਵੇਂ ਵੋਟ ਰਾਜਨੀਤੀ ਵਿੱਚ ਪੈਸਾ ਹਾਵੀ ਹੋਣ ਲੱਗਿਆ ਅਤੇ ਕਾਰਪੋਰੇਟ ਬਦਲੇ ਕਾਨੂੰਨ ਨਾਲ ਕੀਤੀ ਕਮਾਈ ਦਾ ਕੁੱਝ ਹਿੱਸਾ ਸਿਆਸੀ ਪਾਰਟੀਆਂ ਨੂੰ ਚੰਦੇ ਦੇ ਰੂਪ ਵਿੱਚ ਦੇਣ ਲੱਗੇ, ਤਾਂ ਕਿ ਉਹ ਮੁੜ ਸੱਤਾ ਵਿੱਚ ਆ ਸਕਣ ਅਤੇ ਇਸੇ ਤਰ੍ਹਾਂ ਇੱਕ-ਦੂਜੇ ਦੀ ਸੇਵਾ ਜਾਰੀ ਰੱਖਣ। ਪਰ ਪਿਛਲੇ ਕੁੱਝ ਸਮੇਂ ਵਿੱਚ ਬੇਰੁਜ਼ਗਾਰੀ ਵੱਧਣ ਨਾਲ ਇਹ ਪਾੜਾ ਮੁੜ ਵੱਧਣਾ ਸ਼ੁਰੂ ਹੋ ਗਿਆ। ਵਿਸ਼ਵ ਅਸਮਾਨਤਾ ਰਿਪੋਰਟ 2026 ਮੁਤਾਬਕ ਭਾਰਤ ਦੇ ਇੱਕ ਫ਼ੀਸਦੀ ਅਮੀਰ 40 ਫ਼ੀਸਦੀ ਦੌਲਤ ਦੇ ਮਾਲਕ ਹਨ, ਜਦਕਿ ਜੇ ਉਪਰਲੇ 10 ਫ਼ੀਸਦੀ ਲਈਏ ਤਾਂ ਕੁੱਲ 65 ਫ਼ੀਸਦੀ ਦੌਲਤ ਇਨ੍ਹਾਂ ਕੋਲ ਹੈ। ਹੇਠਲੀ 50 ਫ਼ੀਸਦੀ ਆਬਾਦੀ ਭਾਵ ਕਿਸਾਨ, ਦਿਹਾੜੀਦਾਰ ਚੌਥੇ ਦਰਜੇ ਦੇ ਮੁਲਾਜ਼ਮਾਂ, ਰੇਹੜੀ ਲਗਾਉਣ ਵਾਲੇ ਆਦਿ ਕੋਲ ਸਿਰਫ਼ 6 ਫ਼ੀਸਦੀ ਦੌਲਤ ਹੈ। ਪਹਿਲਾਂ ਰੁਜ਼ਗਾਰ ਦੀ ਕਮੀ ਨੂੰ ਪਹਿਚਾਣਦੇ ਹੋਏ ਇਸ ਮਸਲੇ ਦੇ ਹੱਲ ਲਈ ਮਨਰੇਗਾ ਵਰਗੇ ਕਾਨੂੰਨ ਲਿਆਂਦੇ ਗਏ ਹਨ। ਹੁਣ ਮਨਰੇਗਾ ਦਾ ਨਾਂਅ ਵੀ ਬਦਲ ਦਿੱਤਾ ਗਿਆ ਹੈ ਅਤੇ ਇਸ ਦੀ ਵਿਵਸਥਾ ਵਿੱਚ ਵੀ ਤਬਦੀਲੀ ਕਰ ਦਿੱਤੀ ਗਈ ਹੈ। ਕੇਂਦਰੀ ਸਰਕਾਰ ਕਿਰਤੀਆਂ ਦੀ ਭਲਾਈ ਦੇ ਨਾਂਅ 'ਤੇ ਕਿਰਤ ਕੋਡ ਵੀ ਲੈ ਕੇ ਆਈ ਹੈ।



## ਮਨਰੇਗਾ ਤੋਂ 'ਜੀ ਰਾਮ ਜੀ' ਤੱਕ ਦਾ ਸਫ਼ਰ

ਨਵੇਂ ਕਾਨੂੰਨ ਅਧੀਨ ਸਾਲ ਵਿੱਚ 100 ਦਿਨ ਤੋਂ ਵਧਾ ਕੇ 125 ਦਿਨਾਂ ਦੇ ਰੁਜ਼ਗਾਰ ਦੀ ਗਾਰੰਟੀ ਕੀਤੀ ਗਈ ਹੈ। ਇਸ ਦੇ ਨਾਲ ਇਹ ਵੀ ਪ੍ਰਚਾਰਿਆ ਜਾ ਰਿਹਾ ਹੈ ਕਿ ਖੇਤੀ ਵਿੱਚ ਜਦੋਂ ਕੰਮ ਜ਼ਿਆਦਾ ਹੁੰਦਾ ਹੈ ਭਾਵ ਬਿਜਾਈ ਅਤੇ ਵਾਢੀ ਜਦੋਂ ਪੂਰੇ ਜ਼ੋਰ 'ਤੇ ਹੁੰਦੀ ਹੈ ਉਸ ਵੇਲੇ 60 ਦਿਨ ਜੋ ਸੂਬਾ ਤੈਅ ਕਰਕੇ ਕੇਂਦਰ ਨੂੰ ਦੱਸੇਗਾ, ਉਨ੍ਹਾਂ ਦਿਨਾਂ ਵਿੱਚ ਇਸ ਸਕੀਮ ਅਧੀਨ ਕੰਮ ਨਹੀਂ ਹੋਵੇਗਾ, ਤਾਂ ਜੋ ਉਸ ਵੇਲੇ ਖੇਤੀ ਲਈ ਕਿਰਤੀਆਂ ਦੀ ਮੁਸ਼ਕਿਲ ਨਾ ਆਵੇ। ਅਸਲ ਵਿੱਚ ਇਹ ਦੋਨੋਂ ਗੱਲਾਂ ਸਿਰਫ਼ ਭਰਮ ਜਾਲ ਹੀ ਬਣਾਉਂਦੀਆਂ ਹਨ, ਜਦਕਿ ਹਕੀਕਤ ਕੁੱਝ ਹੋਰ ਹੈ। ਮਨਰੇਗਾ ਵਿੱਚ 90 ਫ਼ੀਸਦੀ ਪੈਸੇ ਕੇਂਦਰ ਦਿੰਦਾ ਸੀ ਤੇ 10 ਫ਼ੀਸਦੀ ਸੂਬਾ ਪਾਉਂਦਾ ਸੀ। ਸਾਲ 2024-25 ਵਿੱਚ ਭਾਰਤ ਪੱਧਰ 'ਤੇ ਇੱਕ ਘਰ ਨੂੰ 50 ਦਿਨ ਅਤੇ ਪੰਜਾਬ ਵਿੱਚ 37 ਦਿਨ ਦਾ ਔਸਤ ਰੁਜ਼ਗਾਰ ਦਿੱਤਾ ਗਿਆ। 50 ਤੋਂ 100 ਦਿਨ ਤਾਂ ਭਾਵੇਂ ਹੋਇਆ ਨਹੀਂ 125 ਦਿਨ ਕਿਵੇਂ ਕਰਾਂਗੇ? ਇਸ ਵਿੱਚ ਕੰਮ ਜੋ ਵੀ ਪੇਂਡੂ ਖੇਤਰ ਵਿੱਚ ਪੰਚਾਇਤ ਚਾਹੁੰਦੀ ਸੀ ਉਹ ਹੁੰਦਾ ਸੀ। ਇਹ ਸਕੀਮ ਹੇਠੋਂ ਉੱਪਰ ਨੂੰ ਚੱਲਦੀ ਸੀ, ਜਿਸ ਕਾਰਨ ਲੋਕਾਂ ਨੂੰ ਲੋੜ ਅਨੁਸਾਰ ਕੰਮ ਅਤੇ ਰੁਜ਼ਗਾਰ ਦਿੰਦੀ ਸੀ ਅਤੇ ਨਾਲ ਹੀ ਲੋਕਾਂ ਨੂੰ ਕੰਮ ਮੰਗਣ ਦਾ ਹੱਕ ਵੀ ਦਿੰਦੀ ਸੀ। ਪਰ ਇਸ ਨੂੰ ਕੇਂਦਰ ਨੇ ਬਦਲ ਕੇ 'ਜੀ ਰਾਮ ਜੀ' ਤਹਿਤ ਆਪਣੇ ਹੱਥ ਵਿੱਚ ਲੈ ਲਿਆ ਅਤੇ ਕੰਮ ਖੇਤਰ ਵੀ ਨਿਰਧਾਰਤ ਕਰ ਦਿੱਤੇ ਹਨ। ਨਾਲ ਹੀ ਇਸ ਦਾ ਬਜਟ ਵੀ ਪਹਿਲਾਂ ਹੀ ਮੁਕੱਰਰ ਕਰ ਦਿੱਤਾ ਹੈ, ਭਾਵ ਬਜਟ ਖ਼ਤਮ ਤਾਂ ਸਾਲ ਦਾ ਟੀਚਾ ਵੀ ਖ਼ਤਮ। ਇਸ ਦੇ ਨਾਲ ਪੈਸੇ ਪਾਉਣ ਦੀ ਵਿਧੀ 60-40 ਵਿੱਚ ਵੰਡ ਦਿੱਤੀ ਗਈ ਕਿ 60 ਫ਼ੀਸਦੀ ਪੈਸਾ ਕੇਂਦਰ ਪਾਏਗਾ ਅਤੇ 40 ਫ਼ੀਸਦੀ ਸੂਬਾ ਪਾਏਗਾ। ਬਹੁਤੇ ਸੂਬੇ 10 ਫ਼ੀਸਦੀ ਪਾਉਣ ਤੋਂ ਵੀ ਅਸਮਰਥ ਸਨ, ਉਨ੍ਹਾਂ ਨੇ 40 ਫ਼ੀਸਦੀ ਕਿੱਥੋਂ ਪਾਉਣਾ ਹੈ। ਸੂਬਿਆਂ ਕੋਲੋਂ ਤਾਂ ਪੈਸੇ ਇਕੱਠੇ ਕਰਨ ਦਾ ਕੰਮ ਪਹਿਲਾਂ ''ਜੀ ਐਸ ਟੀ'' ਦੇ ਰੂਪ ਵਿੱਚ ਕੇਂਦਰ ਨੇ ਆਪਣੇ ਹੱਥ ਲੈ ਲਿਆ ਅਤੇ ਹੁਣ ਸੂਬੇ ਆਪਣੇ ਪੈਸੇ ਲਈ ਵੀ ਕੇਂਦਰ 'ਤੇ ਨਿਰਭਰ ਕਰਦੇ ਹਨ। ਉੱਤੋਂ ਬਹੁਤੇ ਸੂਬੇ ਕਰਜ਼ਾਈ ਹਨ, ਜਿਸ ਕਾਰਨ ਸੂਬੇ ਵਾਲੇ ਪੈਸੇ ਪੈਣੇ ਨਹੀਂ ਅਤੇ ਕੇਂਦਰ ਦੇ ਪੈਸੇ ਵਰਤੇ ਨਹੀਂ ਜਾਣੇ, ਕੁੱਲ ਮਿਲਾ ਕੇ ਕੇਂਦਰ ਨੇ ਇਹ ਸਕੀਮ ਸੂਬਿਆਂ ਦੇ ਗਲ ਪਾ ਕੇ ਆਪਣਾ ਛੁਟਕਾਰਾ ਕਰ ਲਿਆ ਹੈ। ਇਸ ਪਿੱਛੇ ਮੰਤਵ ਇਹ ਹੈ ਕਿ ਸਸਤੀ ਲੇਬਰ ਕਾਰਪੋਰੇਟ ਵੱਲ ਨੂੰ ਧੱਕਣੀ ਹੈ। ਕੋਰੋਨਾ ਕਾਲ ਵਿੱਚ ਜਦੋਂ ਕਾਰਖਾਨਿਆਂ ਵਾਲਿਆਂ ਨੇ ਲੇਬਰ ਵਿਹਲੀ ਕਰ ਦਿੱਤੀ ਤਾਂ ਬਹੁਤੇ ਪਰਿਵਾਰ ਪਿੰਡਾਂ ਵੱਲ ਨੂੰ ਤੁਰ ਕੇ ਪਹੁੰਚੇ। ਉਨ੍ਹਾਂ ਨੇ ਆਪਣਾ ਜੀਵਨ ਵਸੇਬਾ ਉੱਥੇ ਹੀ ਸ਼ੁਰੂ ਕਰ ਲਿਆ, ਜਿਸ ਵਿੱਚ ਮਨਰੇਗਾ ਦਾ ਬਹੁਤ ਵੱਡਾ ਸਹਾਰਾ ਸੀ। ਜਿਸ ਕਾਰਨ ਕਾਫੀ ਲੇਬਰ ਮੁੜ ਸ਼ਹਿਰਾਂ ਨੂੰ ਨਹੀਂ ਆਈ ਅਤੇ ਇੱਥੇ ਕਾਰਖਾਨਿਆਂ ਵਾਲਿਆਂ ਦਾ ਲੇਬਰ ਦੇ ਰੇਟ ਵਧਾਉਣ ਨਾਲ ਮੁਨਾਫ਼ਾ ਘੱਟਣ ਲੱਗਾ। ਦੂਜਾ ਜਦੋਂ ਖੇਤੀ ਦਾ ਸੀਜ਼ਨ ਆਉਂਦਾ ਹੈ ਤਾਂ ਕਾਫੀ ਲੋਕ ਪਿੰਡਾਂ ਨੂੰ ਜਾਂਦੇ ਹਨ, ਕਿਉਂਕਿ ਕੁੱਝ ਮਨਰੇਗਾ ਵਿੱਚ ਲੱਗੇ ਹੁੰਦੇ ਹਨ ਅਤੇ ਉੱਧਰ ਖੇਤਾਂ ਵਿੱਚ ਕੰਮ ਮਿਲ ਜਾਂਦਾ ਹੈ। ਯੂ. ਪੀ., ਬਿਹਾਰ ਦੀ ਲੇਬਰ ਤਾਂ ਆਪਣੇ ਖੇਤਾਂ ਵਿੱਚ ਕੰਮ ਕਰਨ ਲਈ ਵੀ ਜਾਂਦੀ ਹੈ। ਉਦੋਂ ਸ਼ਹਿਰਾਂ ਦੇ ਕਾਰਖਾਨਿਆਂ ਦੀ ਰਫ਼ਤਾਰ ਘੱਟ ਜਾਂਦੀ ਹੈ, ਇਸ ਲਈ ਮਨਰੇਗਾ ਨੂੰ 60 ਦਿਨਾਂ ਲਈ ਬੰਦ ਕਰ ਦਿਓ ਤਾਂ ਜੋ ਉਹ ਬੰਦੇ ਖੇਤਾਂ ਵਿੱਚ ਕੰਮ ਕਰਨ ਅਤੇ ਸ਼ਹਿਰੀ ਲੇਬਰ ਕਾਰਖਾਨਿਆਂ ਵਿੱਚ ਟਿਕੀ ਰਹੇ। ਤੀਜਾ ਮਨਰੇਗਾ ਦੀ ਦਿਹਾੜੀ ਨੇ ਇੱਕ ਪੱਧਰ ਰੱਖ ਦਿੱਤਾ, ਜਿਸ ਨਾਲ ਪ੍ਰਾਈਵੇਟ ਦਿਹਾੜੀ ਉਸ ਤੋਂ ਉੱਪਰ ਚਲੀ ਗਈ ਸੀ। ਹੁਣ 'ਜੀ ਰਾਮ ਜੀ' ਵਿੱਚ ਦਿਹਾੜੀ ਕਿੰਨੀ ਹੋਵੇਗੀ ਇਸ 'ਤੇ ਕੋਈ ਗੱਲ ਨਹੀਂ ਤੇ ਜਦੋਂ ਹੌਲੀ-ਹੌਲੀ ਇਸ ਪਿੱਛੇ ਕੰਮ ਬੰਦ ਹੋ ਗਿਆ ਤਾਂ ਫਿਰ ਦਿਹਾੜੀ ਦਾ ਕੋਈ ਘੱਟੋ-ਘੱਟ ਮਿਆਰ ਵੀ ਨਹੀਂ ਰਹਿਣਾ। ਇਹ ਬਦਲਾਅ ਦੇ ਨਾਂਅ 'ਤੇ ਕਾਰਪੋਰੇਟਾਂ ਦਾ ਸਿੱਧਾ ਫਾਇਦਾ ਹੈ।

**ਜੇ ਕੋਈ ਕੰਮ ਦੀਆਂ ਸ਼ਰਤਾਂ ਬਦਲੀਆਂ ਜਾਂਦੀਆਂ ਹਨ ਜਾਂ ਕਾਮਿਆਂ ਨੂੰ ਗਲਤ ਤਰੀਕੇ ਨਾਲ ਕੱਢਿਆ ਜਾਂਦਾ ਹੈ ਤਾਂ ਉਸ ਸੂਰਤ ਵਿੱਚ ਲੇਬਰ ਯੂਨੀਅਨ ਨੂੰ ਕੋਈ ਇਤਰਾਜ਼ ਹੈ ਤਾਂ 14 ਦਿਨ ਦਾ ਨੋਟਿਸ ਦੇ ਕੇ ਹੜਤਾਲ 'ਤੇ ਜਾ ਸਕਦੇ ਹਨ। ਇਸ ਵਿੱਚ ਜੇ ਕਾਰਖਾਨੇਦਾਰ ਲੇਬਰ ਯੂਨੀਅਨ ਨਾਲ ਗੱਲਬਾਤ ਰਾਹੀਂ ਜਾਂ ਟ੍ਰਿਬਿਊਨਲ ਕੋਲ ਇਸ ਨੂੰ ਸੁਲਝਾ ਲੈਣ ਲਈ ਪਹੁੰਚਦਾ ਹੈ ਤਾਂ ਜਿਨ੍ਹਾਂ ਚਿਰ ਇਹ ਪ੍ਰਕਿਰਿਆ ਚੱਲੇਗੀ ਉਸ ਸਮੇਂ ਤੱਕ ਹੜਤਾਲ ਨਹੀਂ ਹੋ ਸਕਦੀ। ਟ੍ਰਿਬਿਊਨਲ ਨੂੰ ਇੱਕ ਸਾਲ ਦੇ ਅੰਦਰ ਆਪਣਾ ਫ਼ੈਸਲਾ ਦੇਣਾ ਜ਼ਰੂਰੀ ਹੈ। ਟ੍ਰਿਬਿਊਨਲ ਦੇ ਮੈਂਬਰ ਸਰਕਾਰ ਵੱਲੋਂ ਨਿਯੁਕਤ ਹੋਣਗੇ ਉਹ ਕਿਸ ਦੀ ਅੱਖ ਪਛਾਣਨਗੇ ਸਰਕਾਰ, ਉਦਯੋਗਪਤੀ ਜਾਂ ਫਿਰ ਕਿਰਤੀ ਦੀ ਇਹ ਸਭ ਜਾਣਦੇ ਹੀ ਹਨ।**

## ਕੀ ਕਿਰਤ ਕੋਡ 2025 ਬਦਲਣਗੇ ਕਿਰਤੀਆਂ ਦੀ ਜ਼ਿੰਦਗੀ

ਕਿਰਤ ਕੋਡ ਜੋ 2025 ਵਿੱਚ ਕਾਨੂੰਨ ਬਣਾ ਕੇ ਲਾਗੂ ਕੀਤੇ ਗਏ ਹਨ, ਕੀ ਕਿਰਤੀਆਂ ਦੀ ਜ਼ਿੰਦਗੀ ਬਦਲ ਪਾਉਣਗੇ ਜਾਂ ਫਿਰ ਉਨ੍ਹਾਂ ਨੂੰ ਸੁਰੱਖਿਆ ਘੱਟ ਅਤੇ ਅਸੁਰੱਖਿਅਤ ਜ਼ਿਆਦਾ ਕਰਨਗੇ? ਅਸਲ ਵਿੱਚ ਇਹ ਕਾਨੂੰਨ ''ਈਜ਼ ਆਫ਼ ਡੋਇੰਗ ਬਿਜ਼ਨਸ'' ਭਾਵ ਵਪਾਰ ਨੂੰ ਸੁਖਾਲਾ ਕਰਨ ਦੇ ਮੰਤਵ ਨਾਲ ਲਿਆਂਦੇ ਗਏ ਹਨ। ਸੁਖਾਲਾ ਵਪਾਰ ਜਾਂ ਨਿਯਮਾਂ ਤਹਿਤ ਭਾਰਤ 63ਵੇਂ ਸਥਾਨ 'ਤੇ ਆਉਂਦਾ ਹੈ, ਜਿੱਥੇ ਵਪਾਰ ਕਰਨਾ ਸੌਖਾ ਹੈ। ਪਰ ਅਨੁਮਾਨ ਹੈ ਕਿ ਇਨ੍ਹਾਂ ਬਦਲੇ ਕਾਨੂੰਨਾਂ ਨਾਲ ਇਹ ਦੁਨੀਆ ਭਰ ਵਿੱਚ 10ਵੇਂ ਸਥਾਨ ਤੇ ਆ ਜਾਵੇਗਾ। ਇਸ ਵਿੱਚ ਜੋ ਤਬਦੀਲੀਆਂ ਲਿਆਂਦੀਆਂ ਗਈਆਂ ਹਨ ਉਹ ਇਸ ਤਰ੍ਹਾਂ ਹਨ - ਇੱਕ ਤਾਂ ਹੁਣ ਘੱਟੋ-ਘੱਟ ਭੱਤਾ ਤੇ ਤਨਖਾਹ ਕੇਂਦਰ ਵੱਲੋਂ ਨਿਰਧਾਰਤ ਕੀਤੀ ਜਾਵੇਗੀ। ਇਸ ਵਿੱਚ ਜੇ ਕਿਤੇ ਜ਼ਿਆਦਾ ਤਨਖਾਹ ਹੈ ਤਾਂ ਉਸ ਨੂੰ ਘਟਾਉਣ ਦੀ ਜ਼ਰੂਰਤ ਨਹੀਂ। ਇਹ ਪੰਜ ਸਾਲਾਂ ਤੱਕ ਚੱਲਦੀ ਰਹੇਗੀ, ਉਸ ਤੋਂ ਬਾਅਦ ਇਸ ਵਿੱਚ ਤਬਦੀਲੀ ਜ਼ਰੂਰੀ ਹੈ। ਇਸ ਦਾ ਸਿੱਧਾ ਅਰਥ ਹੈ ਕਿ ਜੋ ਅੱਜ ਤੈਅ ਹੋ ਗਿਆ ਉਹ ਪੰਜ ਸਾਲ ਤੱਕ ਚੱਲੇਗਾ ਭਾਵ ਮਹਿੰਗਾਈ ਦਰ ਨਾਲ ਇਸ ਨੂੰ ਵਧਾਉਣ ਦਾ ਹਰ ਸਾਲ ਦਾ ਚੱਕਰ ਖ਼ਤਮ। ਇਸ ਵਿੱਚ ਕੋਈ ਵੀ ਕਾਰਖਾਨੇਦਾਰ ਪੰਜ ਸਾਲ ਤੱਕ ਉਜਰਤ ਕਿਉਂ ਵਧਾਏਗਾ ਅਤੇ ਕੋਈ ਵੀ ਕਾਮਾ ਇਸ ਵਿਰੁੱਧ ਆਵਾਜ਼ ਨਹੀਂ ਚੁੱਕ ਸਕੇਗਾ ਕਿ ਸਾਡਾ ਮਿਹਨਤਾਨਾ ਵਧਾਓ। ਇਸ ਦੇ ਨਾਲ ਹੀ ਹੁਣ ਜੋ ਕੋਈ ਕਾਰਖਾਨੇਦਾਰ ਕੰਮ ਘਟਾਉਣਾ ਜਾਂ ਬੰਦ ਕਰਨਾ ਚਾਹੁੰਦਾ ਹੈ, ਤਾਂ ਜੇ ਉਸ ਕੋਲ 300 ਜਾਂ ਉਸ ਤੋਂ ਵੱਧ ਲੋਕ ਕੰਮ ਕਰਦੇ ਹਨ ਤਾਂ ਉਸ ਨੂੰ ਸਰਕਾਰ ਤੋਂ ਇਜਾਜ਼ਤ ਲੈਣ ਦੀ ਲੋੜ ਹੈ। ਇਹ ਅੰਕੜਾ ਪਹਿਲਾਂ 100 ਲੋਕਾਂ ਤੋਂ ਉੱਪਰ ਤੋਂ ਸ਼ੁਰੂ ਹੋ ਜਾਂਦਾ ਸੀ। ਭਾਵ ਹੁਣ ਜਿਨ੍ਹਾਂ ਕੋਲ 299 ਲੋਕ ਕੰਮ ਕਰਦੇ ਹਨ ਉਹ ਜਦੋਂ ਮਰਜ਼ੀ ਉਨ੍ਹਾਂ ਨੂੰ ਕੱਢ ਸਕਦੇ ਹਨ ਅਤੇ ਕਾਰਖਾਨੇਦਾਰ 'ਤੇ ਕੋਈ ਵੀ ਐਕਸ਼ਨ ਜਾਂ ਕਾਨੂੰਨੀ ਕਾਰਵਾਈ ਨਹੀਂ ਹੋ ਸਕਦੀ। ਸਾਡੇ ਦੇਸ਼ ਦੇ ਤਕਰੀਬਨ ਬਹੁਤੇ ਕਾਰਖਾਨੇ ਇਸ ਦੇ ਅਧੀਨ ਆ ਜਾਣਗੇ। ਇਸ ਦੇ ਨਾਲ ਹੀ ਕਾਰਖਾਨੇਦਾਰ ਨੂੰ ਠੇਕੇ ਦੇ ਕਾਮੇ ਰੱਖਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ ਪਰ ਉਸ ਨੂੰ ਮਿਹਨਤਾਨਾ ਅਤੇ ਹੋਰ ਭੱਤੇ ਰੈਗੂਲਰ ਵਾਲੇ ਹੀ ਦੇਣੇ ਹੋਣਗੇ। ਪਰ ਠੇਕੇ ਵਾਲੇ ਕਾਮੇ ਕਿਸੇ ਜਾਂ ਹੋਰ ਟਰੇਡ ਯੂਨੀਅਨ ਦਾ ਹਿੱਸਾ ਨਹੀਂ ਬਣ ਸਕਦੇ ਅਤੇ ਨਾ ਹੀ ਉਹ ਹੜਤਾਲ ਕਰ ਸਕਦੇ ਹਨ। ਇਨ੍ਹਾਂ ਨੂੰ ਕਦੋਂ ਮਰਜ਼ੀ ਕੱਢਿਆ ਜਾ ਸਕਦਾ ਹੈ। ਇੱਥੇ ਦਲੀਲ ਹੈ ਕਿ ਇਹਨਾਂ ਨਾਲ ਕੰਟਰੈਕਟ ਹੋਵੇਗਾ, ਪਰ ਕੀ ਆਮ ਇਨਸਾਨ ਅਤੇ ਸਰਮਾਏਦਾਰ ਵਿੱਚ ਬਰਾਬਰੀ ਹੋ ਸਕਦੀ ਹੈ?

ਜੇ ਕੋਈ ਕੰਮ ਦੀਆਂ ਸ਼ਰਤਾਂ ਬਦਲੀਆਂ ਜਾਂਦੀਆਂ ਹਨ ਜਾਂ ਕਾਮਿਆਂ ਨੂੰ ਗਲਤ ਤਰੀਕੇ ਨਾਲ ਕੱਢਿਆ ਜਾਂਦਾ ਹੈ ਤਾਂ ਉਸ ਸੂਰਤ ਵਿੱਚ ਲੇਬਰ ਯੂਨੀਅਨ ਨੂੰ ਕੋਈ ਇਤਰਾਜ਼ ਹੈ ਤਾਂ 14 ਦਿਨ ਦਾ ਨੋਟਿਸ ਦੇ ਕੇ ਹੜਤਾਲ 'ਤੇ ਜਾ ਸਕਦੇ ਹਨ। ਇਸ ਵਿੱਚ ਜੇ ਕਾਰਖਾਨੇਦਾਰ ਲੇਬਰ ਯੂਨੀਅਨ ਨਾਲ ਗੱਲਬਾਤ ਰਾਹੀਂ ਜਾਂ ਟ੍ਰਿਬਿਊਨਲ ਕੋਲ ਇਸ ਨੂੰ ਸੁਲਝਾ ਲੈਣ ਲਈ ਪਹੁੰਚਦਾ ਹੈ ਤਾਂ ਜਿਨ੍ਹਾਂ ਚਿਰ ਇਹ ਪ੍ਰਕਿਰਿਆ ਚੱਲੇਗੀ ਉਸ ਸਮੇਂ ਤੱਕ ਹੜਤਾਲ ਨਹੀਂ ਹੋ ਸਕਦੀ। ਟ੍ਰਿਬਿਊਨਲ ਨੂੰ ਇੱਕ ਸਾਲ ਦੇ ਅੰਦਰ ਆਪਣਾ ਫ਼ੈਸਲਾ ਦੇਣਾ ਜ਼ਰੂਰੀ ਹੈ। ਟ੍ਰਿਬਿਊਨਲ ਦੇ ਮੈਂਬਰ ਸਰਕਾਰ ਵੱਲੋਂ ਨਿਯੁਕਤ ਹੋਣਗੇ ਉਹ ਕਿਸ ਦੀ ਅੱਖ ਪਛਾਣਨਗੇ ਸਰਕਾਰ, ਉਦਯੋਗਪਤੀ ਜਾਂ ਫਿਰ ਕਿਰਤੀ ਦੀ ਇਹ ਸਭ ਜਾਣਦੇ ਹੀ ਹਨ। ਨਵੇਂ ਕੋਡ ਅਨੁਸਾਰ ਜੇ ਯੂਨੀਅਨ ਹੜਤਾਲ ਕਰਦੀ ਹੈ ਉਸ ਵਿੱਚ ਘੱਟੋ-ਘੱਟ 51 ਫ਼ੀਸਦੀ ਕਾਮਿਆਂ ਦੀ ਸਹਿਮਤੀ ਹੋਣੀ ਚਾਹੀਦੀ ਹੈ। ਇਸ ਵਿੱਚੋਂ ਸਮੇਂ ਨਾਲ ਜੇ ਕਾਰਖਾਨੇਦਾਰ ਨੇ ਕੁੱਝ ਮੈਂਬਰ ਕੱਢ ਦਿੱਤੇ ਜਾਂ ਖਰੀਦ ਲਏ ਤਾਂ ਹੜਤਾਲ ਨਹੀਂ ਹੋ ਸਕਦੀ। ਇਸ ਵਿੱਚ ਜੇ ਕਾਮੇ ਕੋਈ ਸਮੂਹਿਕ ਛੁੱਟੀ (ਖ਼ਾਸ ਲੀਵ) ਲੈਂਦੇ ਹਨ ਤਾਂ ਉਸ ਨੂੰ ਹੜਤਾਲ ਮੰਨਦੇ ਹੋਏ ਕਿਰਤੀਆਂ 'ਤੇ



ਕਾਰਵਾਈ ਕੀਤੀ ਜਾਵੇਗੀ। ਵਿਸ਼ਲੇਸ਼ਣ ਤੋਂ ਲੱਗਦਾ ਹੈ ਕਿ ਇਹ ਕਾਨੂੰਨ ਕਿਰਤੀਆਂ ਨੂੰ ਘੱਟ ਅਤੇ ਕਾਰਪੋਰੇਟਾਂ ਨੂੰ ਵੱਧ ਫਾਇਦਾ ਦੇਣਗੇ, ਤਾਂ ਹੀ ਤਾਂ ਸੁਖਾਲੇ ਵਪਾਰ ਦਾ ਅੰਕੜਾ ਉੱਪਰ ਜਾਵੇਗਾ।

# ਤੇਲ ਬੀਜ ਫ਼ਸਲਾਂ ਦੇ ਕੀੜੇ ਅਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ

ਹਰਪਾਲ ਸਿੰਘ ਰੰਧਾਵਾ ਅਤੇ
ਸੁਨੀਲ ਕਸ਼ਅਪ,
ਰਿਜਨਲ ਸਟੇਸ਼ਨ, ਗੁਰਦਾਸਪੁਰ
(ਮੋ. 01874220825)

ਹਾੜ੍ਹੀ ਦੀਆਂ ਤੇਲ ਬੀਜ ਫ਼ਸਲਾਂ ਨੂੰ ਕਈ ਤਰ੍ਹਾਂ ਦੇ ਕੀੜੇ ਅਤੇ ਬਿਮਾਰੀਆਂ ਦੀ ਮਾਰ ਝੱਲਣੀ ਪੈਂਦੀ ਹੈ, ਜਿਸ ਕਾਰਨ ਫ਼ਸਲ ਦੀ ਉਪਜ ਅਤੇ ਗੁਣਵੱਤਾ (ਤੇਲ ਦੀ ਮਾਤਰਾ) ਬਹੁਤ ਹੀ ਪ੍ਰਭਾਵਤ ਹੁੰਦੀ ਹੈ ।

**ਚਿਤਕਬਰੀ ਭੂੰਡੀ** : ਇਸਦੇ ਕੀੜੇ ਦੇ ਬੱਚੇ ਅਤੇ ਜਵਾਨ ਪਤੰਗੇ, ਪੱਤਿਆਂ ਅਤੇ ਫ਼ਲੀਆਂ ਦਾ ਰਸ ਚੂਸਦੇ ਹਨ । ਜਿਸ ਕਰਕੇ ਫ਼ਲੀਆਂ ਛੋਟੀਆਂ ਰਹਿ ਜਾਂਦੀਆਂ ਹਨ ਅਤੇ ਝਾੜ ਘੱਟ ਜਾਂਦਾ ਹੈ । ਜਵਾਨ ਪਤੰਗੇ ਅਤੇ ਬੱਚੇ ਦੋਨੋਂ ਹੀ ਫ਼ਸਲ ਗਾਹੁਣ ਸਮੇਂ ਬਹੁ-ਗਿਣਤੀ ਵਿੱਚ ਫ਼ਸਲ ਵਿੱਚ ਫਿਰਦੇ ਦਿਖਾਈ ਦਿੰਦੇ ਹਨ । ਕੀੜੇ ਦੀ ਰੋਕਥਾਮ ਲਈ ਪਹਿਲਾ ਪਾਣੀ ਬਿਜਾਈ ਤੋਂ 3-4 ਹਫ਼ਤੇ ਪਿੱਛੋਂ ਲਾਉ ।

**ਸਲੇਟੀ ਸੁੰਡੀ/ਆਰਾ ਮੱਖੀ** : ਇਸ ਦੇ ਪੇਟ ਤੇ ਇੱਕ ਆਰੇ ਵਰਗਾ ਅੰਗ ਹੁੰਦਾ ਹੈ, ਜਿਸ ਕਰਕੇ ਆਰਾ ਮੱਖੀ ਕਿਹਾ



ਜਾਂਦਾ ਹੈ ਅਤੇ ਇਹ ਸੁੰਡੀ ਸਲੇਟੀ ਰੰਗ ਦੀ ਹੁੰਦੀ ਹੈ । ਜ਼ਿਆਦਾ ਹਮਲੇ ਦੀ ਸੂਰਤ ਵਿੱਚ ਸੁੰਡੀਆਂ ਸਾਰੇ ਪੱਤੇ ਖਾ ਕੇ ਫ਼ਸਲ ਦਾ ਨੁਕਸਾਨ ਕਰਦੀਆਂ ਹਨ । ਰੋਕਥਾਮ ਲਈ 250 ਮਿਲੀਲਿਟਰ ਏਕਾਲਕਸ 25 ਈ ਸੀ (ਕੁਇਨਲਫਸ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਦੇ ਨਾਲ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ ।

**ਰਾਇਆ ਦਾ ਚੇਪਾ** : ਹਰੇ ਰੰਗ ਦੇ ਕੀੜੇ ਪੱਤਿਆਂ, ਫੁੱਲਾਂ ਅਤੇ ਫ਼ਲੀਆਂ ਵਿੱਚੋਂ ਰਸ ਚੂਸ ਕੇ ਉਸ ਨੂੰ ਕਮਜ਼ੋਰ ਕਰ ਦਿੰਦੇ ਹਨ ਜਿਸ ਕਾਰਨ ਬੂਟੇ ਮਧਰੇ ਰਹਿ ਜਾਂਦੇ ਹਨ ਅਤੇ ਫ਼ਲੀਆਂ ਵਿੱਚ ਬੀਜ ਨਹੀਂ ਪੈਂਦੇ । ਫੁੱਲ ਦੇ ਪੈਣ ਸਮੇਂ ਇਹ ਕੀੜੇ ਬਹੁਤ ਤੇਜ਼ੀ ਨਾਲ, ਖਾਸ ਕਰਕੇ ਬੱਦਲਵਾਲੀ ਵਿੱਚ ਬਹੁਤ ਵੱਧਦੇ ਹਨ । ਕੀਟ-ਨਾਸ਼ਕਾਂ ਦੀ ਵਰਤੋਂ ਕੀੜਿਆਂ ਦੇ ਪੌਦਿਆਂ ਉੱਤੇ ਗਿਣਤੀ ਅਤੇ ਉਨ੍ਹਾਂ ਦੇ ਨੁਕਸਾਨ ਕਰਨ ਦੀ ਸਮਰੱਥਾ ਦੇ ਆਧਾਰ ਤੇ ਹੀ ਕਰੋ ।

★ ਜਨਵਰੀ ਦੇ ਪਹਿਲੇ ਹਫ਼ਤੇ ਪ੍ਰਤੀ ਏਕੜ 12 ਤੋਂ 16 ਪੌਦਿਆਂ, ਜੋ ਇੱਕ ਦੂਜੇ ਤੋਂ ਦੂਰ-ਦੂਰ ਹੋਣ ਦਾ ਹਫ਼ਤੇ ਵਿੱਚ ਦੋ ਵਾਰ ਨਿਰੀਖਣ ਕਰੋ । ਜੇਕਰ ਪੌਦੇ ਦੀ ਵਿਚਕਾਰਲੀ ਸ਼ਾਖ ਦੇ 10 ਸੈ.ਮੀ. ਹਿੱਸੇ ਦੇ ਸਿਰੇ ਤੇ ਚੇਪੇ ਦੀ ਗਿਣਤੀ 50-60% ਤੇ ਹੋਵੇ ਤਾਂ ਛਿੜਕਾਅ ਕਰੋ ਜਾਂ ਬੂਟੇ ਦੀ ਵਿਚਕਾਰਲੀ ਸ਼ਾਖ ਦਾ ਸਿਰਾ 0.5 ਤੋਂ 1.0 ਸੈਂ. ਮੀ. ਚੇਪੇ ਨਾਲ ਢੱਕਿਆ ਹੋਵੇ ਜਾਂ 40 ਤੋਂ 50% ਪੌਦਿਆਂ ਤੇ ਚੇਪਾ ਨਜ਼ਰ ਆਵੇ (ਪ੍ਰਤੀ ਏਕੜ 100 ਪੌਦਿਆਂ ਦੀ ਪਰਖ ਕਰੋ)। ਜਦੋਂ ਚੇਪੇ ਦੀ ਗਿਣਤੀ ਇਨ੍ਹਾਂ ਪੱਧਰਾਂ ਤੇ ਪਹੁੰਚ ਜਾਵੇ ਤਾਂ ਕੋਈ ਇੱਕ ਕੀਟਨਾਸ਼ਕ : ਐਕਟਾਰਾ 25 ਡਬਲਯੂ ਜੀ (ਥਾਇਆਮੈਥੋਕਸਮ), ਮੈਟਾਸਿਸਟਾਕਸ 25 ਈ ਸੀ (ਔਕਸੀਡੈਮੀਟੋਨ ਮੀਥਾਈਲ), ਡਰਸਬਾਨ / ਕੋਰੋਬਾਨ 20 ਈ ਸੀ (ਕਲੋਰਪਾਈਰੀਫਾਸ) ਅਤੇ ਰੋਗਰ 30 ਈ ਸੀ (ਡਾਈਮੈਥੋਏਟ) ਦੀ ਮਾਤਰਾ 40 ਗ੍ਰਾਮ, 400, 600 ਅਤੇ 400 ਮਿਲੀਲਿਟਰ ਪ੍ਰਤੀ ਏਕੜ ਕ੍ਰਮਵਾਰ 80-125 ਲਿਟਰ ਪਾਣੀ (ਫ਼ਸਲ ਦੀ ਹਾਲਤ / ਵਾਧਾ ਮੁਤਾਬਕ) ਵਰਤ ਕੇ ਛਿੜਕਾਅ ਕਰੋ । ਜੇਕਰ ਕੀੜਿਆਂ ਦੀ ਗਿਣਤੀ ਦੁਬਾਰਾ ਉਸੇ ਪੱਧਰ ਤੱਕ ਪਹੁੰਚ ਜਾਵੇ ਤਾਂ ਦੁਬਾਰਾ ਛਿੜਕਾਅ ਕਰੋ ।

**ਪੱਤੇ ਦਾ ਸੁਰੰਗੀ ਕੀੜਾ** : ਕੀੜੇ ਦੀਆਂ ਸੁੰਡੀਆਂ ਪੱਤਿਆਂ ਵਿੱਚ ਸੁਰੰਗਾਂ ਬਣਾ ਕੇ ਵਿੱਚੋਂ ਹਰਾ ਮਾਦਾ ਖਾਂਦੀਆਂ ਹਨ, ਜਿਸ ਕਾਰਨ ਪੱਤਿਆਂ ਤੇ ਚਿੱਟੇ ਰੰਗ ਦੀਆਂ ਰੰਗ-ਤਿੜੰਗੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਪੱਤੇ ਚੁਰੜ-ਮੁਰੜ ਹੋ ਜਾਂਦੇ ਹਨ । ਰੋਕਥਾਮ ਲਈ 400 ਮਿਲੀਲਿਟਰ ਰੋਗਰ 30 ਈ ਸੀ ਜਾਂ 13 ਕਿਲੋਗ੍ਰਾਮ ਫਿਊਰਾਡਾਨ 3 ਜੀ ਪ੍ਰਤੀ ਏਕੜ ਛੱਟਾ ਦੇ ਕੇ ਹਲਕੀ ਸਿੰਚਾਈ ਕਰੋ ।

**ਕੁਤੜਾ ਜਾਂ ਭੱਬੂ ਕੁੱਤਾ ਜਾਂ ਵਾਲਾਂ ਵਾਲੀ ਸੁੰਡੀ** : ਸੁੰਡੀਆਂ ਉਤੇ ਲੰਮੇ-ਲੰਮੇ ਸੰਘਣੇ ਵਾਲ ਹੁੰਦੇ ਹਨ, ਜਿਸ ਕਰਕੇ ਇਸਨੂੰ ਜੱਤਲ-ਸੁੰਡੀ ਨਾਮ ਦਿੱਤਾ ਗਿਆ ਹੈ । ਸ਼ੁਰੂ ਵਿੱਚ ਸੁੰਡੀਆਂ ਝੁੰਡਾਂ ਵਿੱਚ ਪੱਤਿਆਂ ਨੂੰ ਖਾਂਦੀਆਂ ਹਨ ਅਤੇ ਇੱਕੋ ਹੀ ਪੱਤੇ ਉੱਤੇ 100-150 ਤੱਕ ਸੁੰਡੀਆਂ ਹੁੰਦੀਆਂ ਹਨ । ਉਸ ਵੇਲੇ ਇਹਨਾਂ ਉੱਤੇ ਵਾਲ ਨਹੀਂ ਆਏ ਹੁੰਦੇ, ਰੰਗ ਪੀਲਾ ਅਤੇ ਸਿਰ ਕਾਲਾ ਹੁੰਦਾ ਹੈ ਅਤੇ ਸੁੰਡੀ ਦੀ ਮਾਰ ਹੇਠ ਆਇਆ ਪੱਤਾ ਛੱਨਣੀ-ਛੱਨਣੀ ਹੋ ਜਾਂਦਾ ਹੈ ਅਤੇ ਜਾਲੀ ਵਾਂਗ ਦਿੱਸਦਾ ਹੈ । ਜ਼ਿਆਦਾ ਹਮਲੇ ਦੀ ਸੂਰਤ ਵਿੱਚ ਫ਼ਸਲ ਟੁੰਡ-ਮੁਰੰਡ (ਪੱਤਾ ਰਹਿਤ) ਹੋ ਜਾਂਦੀ ਹੈ । ਪੂਰੀਆਂ ਜਵਾਨ ਸੁੰਡੀਆਂ, ਨਾਲ ਦੇ ਖੇਤਾਂ ਤੇਵੀ ਹਮਲਾ ਕਰਦੀਆਂ ਹਨ । ਨੁਕਸਾਨ ਤੋਂ ਬਚਾ ਲਈ ਹਮਲੇ ਵਾਲੇ ਪੱਤਿਆਂ ਨੂੰ ਸੁੰਡੀਆਂ ਸਮੇਤ ਤੋੜ ਕੇ ਲਗਾਤਾਰ ਨਸ਼ਟ ਕਰਦੇ ਰਹੋ ।

**ਬਿਮਾਰੀਆਂ :**

**ਝੁਲਸ ਰੋਗ** : ਪੱਤਿਆਂ ਫ਼ਲੀਆਂ ਅਤੇ ਤਣੇ ਤੇ ਭੂਰੇ ਤੋਂ ਕਾਲੇ ਰੰਗ ਦੇ ਗੋਲ ਧੱਬੇ ਪੈ ਜਾਂਦੇ ਹਨ । ਜ਼ਿਆਦਾ ਹਮਲੇ ਦੀ ਸੂਰਤ ਵਿੱਚ ਤਣੇ ਦਾ ਉਪਰਲਾ ਹਿੱਸਾ ਤੇ ਫ਼ਲੀਆਂ ਝੜ ਜਾਂਦੀਆਂ ਹਨ । ਸਿੱਲ੍ਹੇ ਅਤੇ ਨਿੱਘੇ ਮੌਸਮ (15-200 ਸੈਂਟੀਗ੍ਰੇਡ ਤਾਪਮਾਨ ਅਤੇ 75% ਤੋਂ ਜ਼ਿਆਦਾ ਨਮੀ) ਵਿੱਚ ਬਿਮਾਰੀ ਬਹੁਤ ਜਲਦੀ ਫੈਲਦੀ ਹੈ ।

**ਪੀਲੇ ਧੱਬਿਆਂ ਦਾ ਰੋਗ** : ਬਿਮਾਰੀ ਦਾ ਜ਼ਿਆਦਾ ਹਮਲਾ ਪੱਤਿਆਂ ਅਤੇ ਫ਼ਲੀਆਂ ਤੇ ਹੁੰਦਾ ਹੈ । ਪੱਤਿਆਂ ਤੇ ਹੇਠਲੇ ਪਾਸੇ ਛੋਟੇ-ਛੋਟੇ ਹਲਕੇ ਹਰੇ ਪੀਲੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇ ਫਿਰ ਵੱਡੇ ਹੋ ਜਾਂਦੇ ਹਨ ਅਤੇ ਗਿਣਤੀ ਵੀ ਵੱਧ ਜਾਂਦੀ ਹੈ । ਪੱਤੇ ਸੁੱਕ ਜਾਂਦੇ ਹਨ ਅਤੇ ਤਣੇ ਬੇ-ਸ਼ਕਲ ਹੋ ਜਾਂਦੇ ਹਨ । ਇਹਨਾਂ (ਦੋਨਾਂ) ਬਿਮਾਰੀਆਂ ਤੋਂ ਬਚਾਅ ਲਈ ਪਹਿਲੀ ਫ਼ਸਲ ਦੇ ਮੁੱਢਾਂ ਨੂੰ ਬਿਜਲੀ ਤੋਂ ਪਹਿਲਾਂ ਹੀ ਨਸ਼ਟ ਕਰ ਦਿਉ ।

**ਚਿੱਟੀ ਕੁੰਗੀ** : ਪੱਤਿਆਂ ਦੇ ਹੇਠਲੇ ਪਾਸੇ ਚਿੱਟੇ ਜਾਂ ਬਦਾਮੀ ਰੰਗ ਦੇ ਦਾਣੇ ਬਣ ਜਾਂਦੇ ਹਨ । ਬਿਮਾਰੀ ਵਾਲੇ ਹਿੱਸੇ ਫੁੱਲ (ਮੋਟੇ) ਜਾਂਦੇ ਹਨ । ਫੁੱਲਾਂ ਦੀ ਸ਼ਕਲ ਵਿਗੜ ਜਾਂਦੀ ਹੈ ਅਤੇ ਫ਼ਲੀਆਂ ਵਿੱਚ ਬੀਜ ਨਹੀਂ ਪੈਂਦੇ । ਬਿਮਾਰੀ ਪੌਦੇ ਦੇ ਹਰ ਹਿੱਸੇ (ਜੜ੍ਹਾਂ ਨੂੰ ਛੱਡ ਕੇ) ਤੇ ਹਮਲਾ ਕਰਦੀ ਹੈ । ਬਿਮਾਰੀ ਦੇ ਬਚਾਅ ਲਈ ਵੀ ਪਹਿਲੀ ਫ਼ਸਲ ਦੇ ਮੁੱਢਾਂ ਨੂੰ ਨਸ਼ਟ ਕਰ ਦਿਉ । ਬਿਜਾਈ ਤੋਂ 2-2.5 ਮਹੀਨੇ ਬਾਅਦ 250 ਗ੍ਰਾਮ ਰਿਡੋਮਿਲ ਗੋਲਡ (ਮੈਟਾਲੈਕਸਿਲ 4% + ਮੈਂਕੋਜ਼ਿਬ 64%) ਨੂੰ 100 ਲਿਟਰ ਪਾਣੀ ਪ੍ਰਤੀ ਏਕੜ ਛਿੜਕਾਅ ਕਰੋ ਅਤੇ ਲੋੜ ਪੈਣ ’ਤੇ 20 ਦਿਨਾਂ ਬਾਅਦ ਇੱਕ ਛਿੜਕਾਅ ਹੋਰ ਕਰੋ ।

**ਤਣੇ ਦਾ ਗਾਲਾ** : ਬਿਮਾਰੀ ਦੀ ਸ਼ੁਰੂਆਤ ਤਣੇ ਉੱਪਰ ਗਾਲੇ ਨਾਲ ਹੁੰਦੀ ਅਤੇ ਬਾਅਦ ਵਿੱਚ ਚਿੱਟੇ ਰੰਗ ਦੀ ਉੱਲੀ ਜੰਮ ਜਾਂਦੀ ਹੈ । ਗਲੇ ਹੋਏ ਹਿੱਸੇ ਉੱਪਰ ਜਾਂ ਤਣੇ ਦੇ ਅੰਦਰ ਉੱਲੀ ਦੇ ਕਾਲੇ ਰੰਗ ਦੇ ਸਖਤ ‘ਸਕਲੀਰੋਸ਼ੀਆ’ (ਬਿਮਾਰੀ ਦੇ ਕਣ) ਬਣ ਜਾਂਦੇ ਹਨ ਅਤੇ ਕਟਾਈ ਸਮੇਂ ਕਣ ਮਿੱਟੀ ਵਿੱਚ ਮਿਲ ਜਾਂਦੇ ਹਨ, ਜੋ ਲੰਬਾ ਸਮਾਂ ਜ਼ਿੰਦਾ ਰਹਿ ਸਕਦੇ ਹਨ ਅਤੇ ਅਗਲੀ ਫ਼ਸਲ ਨੂੰ ਫਿਰ ਬਿਮਾਰੀ ਦੀ ਲਾਗ ਲਾ ਸਕਦੇ ਹਨ । ਬਿਮਾਰੀ ਦੀ ਸ਼ੁਰੂਆਤ ਜਨਵਰੀ ਮਹੀਨੇ (ਬਹੁਤ ਠੰਡ ਅਤੇ ਜ਼ਮੀਨ ਵਿੱਚ ਜ਼ਿਆਦਾ ਸਲਾਬ/ਨਮੀ) ਹੁੰਦੀ ਹੈ । ਬਿਮਾਰ ਬੂਟੇ ਮੁਰਝਾ ਜਾਂਦੇ ਹਨ, ਬਾਅਦ ਵਿੱਚ ਸੁੱਕ ਕੇ ਚਿੱਟੀ ਭਾਅ ਮਾਰਦੇ ਅਤੇ ਸਿੱਧੇ ਖੜ੍ਹੇ ਨਜ਼ਰ ਆਉਂਦੇ



ਹਨ । ਭਾਰੀ ਫ਼ਸਲ ਦੇ ਬੂਟੇ, ਤਣਿਆਂ ਤੇ ਟੁੱਟ ਜਾਂਦੇ । ਬਿਮਾਰੀ ਤੋਂ ਬਚਾ ਲਈ ਫ਼ਸਲ ਨੂੰ 25 ਦਸੰਬਰ-15 ਜਨਵਰੀ ਤੱਕ ਪਾਣੀ ਨਾ ਲਗਾਓ ।

**ਨੋਟ** : ★ ਕੀਟਨਾਸ਼ਕਾਂ ਦਾ ਛਿੜਕਾਅ ਦੁਪਹਿਰ ਤੋਂ ਬਾਅਦ ਕਰੋ, ਪਰ-ਪਰਾਗਣ ਵਾਲੇ ਕੀੜੇ/ਸ਼ਹਿਦ ਦੀਆਂ ਮੱਖੀਆਂ ਛਿੜਕਾਅ ਦੀ ਮਾਰ ਹੇਠ ਨਾ ਆ ਸਕਣ ।

★ ਸਾਗ ਵਾਲੀ ਫ਼ਸਲ ਉੱਪਰ ਥਾਇਆਮੈਥੋਕਸਮ 25 ਤਾਕਤ ਲਈ 7 ਦਿਨ, ਕਲੋਰੋਪਾਇਰੀਫਾਸ 20 ਤਾਕਤ ਅਤੇ ਡਾਈਮੈਥੋਏਟ 30 ਤਾਕਤ ਲਈ 20 ਦਿਨ ਅਤੇ ਕੁਇਨਲਫਾਸ 25 ਤਾਕਤ ਲਈ 30 ਦਿਨ ਦਾ ਵਕਫਾ ਛਿੜਕਾਅ ਤੇ ਕਟਾਈ ਵਿਚਕਾਰ ਰੱਖੋ ।

# ਦੇਸ਼-ਵਿਦੇਸ਼ ਤੱਕ ਹਰਿਆਣੇ ਦਾ ਗੁੜ ਮਸ਼ਹੂਰ

## ਪਿੰਡ ਕਬੀਰਪੁਰ ਸ਼ੇਖਾਂ ਦੇ ਸ਼ਖਸ ਨੇ ਆਪਣੇ ਤਿਆਰ ਕੀਤੇ ਗੁੜ ਤੇ ਸ਼ੱਕਰ ਦੇ ਰਵਾਇਤੀ ਸੁਆਦ ਦੀਆਂ ਦੂਰ-ਦੂਰ ਤੱਕ ਪਾਈਆਂ ਧੁੰਮਾਂ

ਭਾਵੇਂ ਪੰਜਾਬ ਦੇ ਗੁਆਂਢੀ ਰਾਜਾਂ ਵਿੱਚੋਂ ਆਉਂਦੇ ਪਰਵਾਸੀ ਮਜ਼ਦੂਰਾਂ ਨੇ ਪੰਜਾਬੀਆਂ ਦੇ ਮਿਹਨਤ ਮੁਸ਼ੱਕਤ ਕਰਨ ਵਾਲੇ ਕਿੱਤਿਆਂ ਵਾਂਗ ਗੁੜ ਅਤੇ ਸ਼ੱਕਰ ਬਣਾਉਣ ਵਾਲਾ ਕਿੱਤਾ ਹਥਿਆ ਲਿਆ ਹੈ, ਪਰ ਹੁਸ਼ਿਆਰਪੁਰ-ਦਸੂਹਾ ਮੁੱਖ ਮਾਰਗ ਉੱਤੇ ਕਸਬਾ ਹਰਿਆਣਾ ਦੇ ਬਿਰਧ ਆਸ਼ਰਮ ਨਜ਼ਦੀਕ ਪਿੰਡ ਕਬੀਰਪੁਰ ਸ਼ੇਖਾਂ ਦੇ ਬਲਦੇਵ ਰਾਜ ਨੇ ਆਪਣੇ ਤਿਆਰ ਕੀਤੇ ਗੁੜ ਅਤੇ ਸ਼ੱਕਰ ਦੇ ਰਵਾਇਤੀ ਸੁਆਦ ਦੀਆਂ ਦੂਰ-ਦੂਰ ਤੱਕ ਧੁੰਮਾਂ ਪਾਈਆਂ ਹੋਈਆਂ ਹਨ । ਬਲਦੇਵ ਰਾਜ ਨੂੰ ਕਰੀਬ 20 ਸਾਲਾਂ ਤੋਂ ਆਪਣਾ ਗੁੜ ਬਣਾ ਕੇ ਵੇਚਣ ਦਾ ਤਜਰਬਾ ਹੈ । ਉਹ ਦੱਸਦਾ ਹੈ ਕਿ ਉਸ ਦੇ ਪਿਤਾ ਜੋਗਿੰਦਰ ਰਾਮ ਨੇ ਕਰੀਬ 20 ਸਾਲ ਗੰਨਿਆਂ ਦੇ ਵੇਲਣੇ ਉੱਤੇ ਰਵਾਇਤੀ ਤਰੀਕੇ ਨਾਲ ਗੁੜ ਬਣਾਉਣ ਦੇ ਕਾਰੀਗਰ ਵਜੋਂ ਕੰਮ ਕੀਤਾ, ਜਿਸ ਤੋਂ ਉਸ ਨੇ ਵੀ ਗੁੜ ਸ਼ੱਕਰ ਬਣਾਉਣ ਦੀਆਂ ਬਾਰੀਕੀਆਂ ਸਿੱਖੀਆਂ ਹਨ ਅਤੇ ਕਈ ਸਾਲਾਂ ਤੋਂ ਕਸਬਾ ਹਰਿਆਣਾ ਵਿਖੇ ਉਨ੍ਹਾਂ ਗੁਰ ਕ੍ਰਿਪਾ ਗੁੜ ਦੇ ਵੇਲਣੇ ਤੋਂ ਸਰਦੀ ਦੇ ਮੌਸਮ ਵਿੱਚ ਖੁਦ ਗੁੜ ਤਿਆਰ ਕਰਕੇ ਪੰਜਾਬ ਤੋਂ ਇਲਾਵਾ ਗੁਆਂਢੀ ਰਾਜਾਂ ਦੇ ਗੁੜ-ਸ਼ੱਕਰ ਪ੍ਰੇਮੀਆਂ ਲਈ



ਦੇਸੀ ਮਿੱਠੇ ਦੀ ਜ਼ਰੂਰਤ ਪੂਰੀ ਕਰ ਰਿਹਾ ਹੈ । ਉਹਨਾਂ ਵੱਲੋਂ ਪੰਜਾਬ ਦੇ ਰਵਾਇਤੀ ਤਰੀਕੇ ਨਾਲ ਤਿਆਰ ਕੀਤਾ ਗੁੜ ਲੋਕਾਂ ਵੱਲੋਂ ਇੰਨਾ ਪਸੰਦ ਕੀਤਾ ਜਾਂਦਾ ਹੈ ਕਿ ਰੋਜ਼ਾਨਾ ਤਿਆਰ ਹੋਣ ਤੇ ਨਾਲੋ-ਨਾਲ ਵਿਕ ਜਾਂਦਾ ਹੈ, ਉਸ ਨੂੰ ਗੁੜ ਵੇਚਣ ਜਾਣ ਲਈ ਮੰਡੀ ਜਾਣਾ ਨਹੀਂ ਪੈਂਦਾ ।

ਹੁਸ਼ਿਆਰਪੁਰ-ਦਸੂਹਾ ਤੋਂ ਲੰਘਦੇ ਰਾਹਗੀਰ ਕਈ ਸਾਲਾਂ ਤੋਂ ਉਸ ਦੇ ਗਾਹਕ ਬਣੇ ਹੋਏ ਹਨ । ਗੁੜ ਜਾਂ ਸ਼ੱਕਰ ਦੇ ਸ਼ੌਕੀਨਾਂ ਵੱਲੋਂ ਉਸ ਦਾ ਤਿਆਰ ਕੱਚਾ ਮਿੱਠਾ ਹਾਸਲ ਕਰਨ ਲਈ ਉਸ ਦੇ ਫੋਨ ’ਤੇ ਲਗਾਤਾਰ ਸੁਨੇਹੇ ਭੇਜਦੇ ਰਹਿੰਦੇ ਹਨ । ਚੰਡੀਗੜ੍ਹ ਤੋਂ ਪਠਾਨਕੋਟ ਤੱਕ ਜਾਂਦੀਆਂ ਬੱਸਾਂ ਦੇ ਡਰਾਈਵਰ ਕੰਡਕਟਰ ਉਸ ਦੇ ਸੁਆਦੀ ਗੁੜ ਦੇ ਪੱਕੇ ਮੁਰੀਦ ਹਨ ਅਤੇ ਇਨ੍ਹਾਂ ਬੱਸਾਂ ਰਾਹੀਂ ਹੀ ਦੂਰ-ਦੁਰਾਡੇ ਆਪਣੇ ਗਾਹਕਾਂ ਤੱਕ ਤਿਆਰ ਗੁੜ ਪਹੁੰਚਾਇਆ ਜਾਂਦਾ ਹੈ । ਬਲਦੇਵ ਰਾਜ ਮੁਤਾਬਕ ਉਨ੍ਹਾਂ ਦੇ ਬਣਾਏ ਗੁੜ ਦੀ ਰੋਜ਼ਾਨਾ ਇੰਨੀ ਮੰਗ ਰਹਿੰਦੀ ਹੈ ਕਿ ਉਹ ਰੋਜ਼ਾਨਾ ਸਵੇਰੇ 4 ਵਜੇ ਤੋਂ ਰਾਤ 9 ਵਜੇ ਤੱਕ ਭੱਠੀਆਂ ਚਲਾ ਕੇ ਵੀ ਗੁੜ ਦੀ ਮੰਗ ਪੂਰੀ ਨਹੀਂ ਕਰ ਪਾਉਂਦੇ । ਗੁੜ ਬਣਾਉਣ ਦਾ ਸਿਲਸਿਲਾ ਦੀਵਾਲੀ ਤੋਂ ਸ਼ੁਰੂ ਹੋ ਕੇ ਵਿਸਾਖੀ ਤੱਕ ਨਿਰੰਤਰ ਜਾਰੀ ਰਹਿੰਦਾ ਹੈ । ਉਸ ਮੁਤਾਬਕ ਉਨ੍ਹਾਂ ਨੂੰ ਇਸ ਕਾਰਜ ਰਾਹੀਂ ਹੀ ਸਾਰੇ ਸਾਲ ਦਾ ਰਿਜਕ ਆਸਾਨੀ ਨਾਲ ਮਿਲਦ ਦੇ ਨਾਲ ਸਰਦੀਆਂ ਵਿੱਚ ਕਰੀਬ 6 ਤੋਂ 7 ਬੰਦਿਆਂ ਨੂੰ ਵੀ ਰੁਜ਼ਗਾਰ ਮਿਲਦਾ ਰਹਿੰਦਾ ਹੈ ।

ਬਲਦੇਵ ਰਾਜ ਮੁਤਾਬਕ ਗੁੜ ਬਣਾਉਣ ਲਈ ਗੰਨੇ ਜ਼ਿਆਦਾ ਦੇਰ ਤੱਕ ਵੇਹੇ ਕਰਕੇ ਨਹੀਂ ਰੱਖਦੇ ਅਤੇ ਨਾ ਹੀ ਰਸ ਵਾਲੀ ਪੱਤ ਨੂੰ ਨਿਵਾਰਨ ਲਈ ਮਿੱਠੇ ਸੋਢੇ ਤੋਂ ਬਿਨਾਂ ਕਿਸੇ ਹੋਰ ਪਦਾਰਥ ਦੀ ਵਰਤੋਂ ਕੀਤੀ ਜਾਂਦੀ ਹੈ । ਗੁੜ ਦਾ ਰੰਗ ਬਣਾਉਣ ਲਈ ਕੋਈ ਰੰਗ ਨਹੀਂ ਵਰਤਿਆ ਜਾਂਦਾ ਅਤੇ ਰਸ ਤੋਂ ਤਿਆਰ ਹੁੰਦੀ ਪੱਤ ਦਾ ਵਜ਼ਨ ਵਧਾਉਣ ਲਈ ਬੂਰੇ ਵਾਲੀ ਖੰਡ ਪੱਤ ਵਿੱਚ ਰਲਾਈ ਨਹੀਂ ਜਾਂਦੀ । ਗੁੜ ਦੇ ਕਾਰੀਗਰ ਮੁਤਾਬਕ ਵਧੀਆ ਕਿਸਮ ਦਾ ਗੁੜ ਅਤੇ ਸ਼ੱਕਰ ਤਿਆਰ ਕਰਨ ਲਈ ਵਧੀਆ ਕਿਸਮ ਦੇ ਗੰਨੇ ਦੀ ਚੋਣ ਤੇ ਗੰਨਾ ਪੈਦਾ ਕਰਨ ਵਾਲੇ ਇਲਾਕੇ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ । ਗੁੜ ਬਣਾਉਣ ਦਾ ਮਾਹਰ ਕਾਰੀਗਰ ਦੱਸਦਾ ਹੈ ਕਿ ਉਸ ਦੇ ਵੇਲਣੇ ’ਤੇ ਤਿਆਰ ਹੋਇਆ ਗੁੜ ਅਤੇ ਸ਼ੱਕਰ ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ ਅਤੇ ਦਿੱਲੀ ਤੱਕ ਦੇ ਗਾਹਕਾਂ ਵੱਲੋਂ ਵੀ ਖਰੀਦਿਆ ਜਾਂਦਾ ਹੈ । ਅਮਰੀਕਾ, ਕੈਨੇਡਾ ਅਤੇ ਹੋਰ ਦੇਸ਼ਾਂ ਵਿੱਚ ਵੱਸਣ ਵਾਲੇ ਪੰਜਾਬੀ ਲੋਕ ਪੰਜਾਬ ਫੇਰੀ ਦੌਰਾਨ ਬੜੀ ਉਚੇਚ ਨਾਲ ਉਸ ਦੇ ਵੇਲਣੇ ਦਾ ਗੁੜ ਖਰੀਦ ਕੇ ਲੈ ਜਾਂਦੇ ਹਨ ਅਤੇ ਆਪਣਾ ਗੁੜ ਬਣਾਉਣ ਲਈ ਕਈ ਦਿਨ ਪਹਿਲਾਂ ਹੀ ਸੁਨੇਹਾ ਭੇਜ ਦਿੰਦੇ ਹਨ ।

ਸਮਾਜ ਵਿੱਚ ਉੱਚੇ ਅਹੁੱਦਿਆਂ ’ਤੇ ਤਾਇਨਾਤ ਅਫਸਰਾਂ, ਰਾਜਸੀ ਲੋਕਾਂ ਦੇ ਸੱਜਣ-ਮਿੱਤਰ ਵੀ ਉਸ ਦਾ ਤਿਆਰ ਗੁੜ ਹਰ ਸਿਆਲ ਨੂੰ ਉਸ ਕੋਲੋਂ ਮੂੰਗਫਲੀ, ਸੌਂਫ, ਸੁੰਢ, ਬਦਾਮ, ਕਾਜੂ ਪਵਾ ਕੇ ਉਚੇਚ ਨਾਲ ਪਹੁੰਚਾਉਂਦੇ ਹਨ । ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਵੱਲੋਂ ਬਣਾਏ ਜਾਂਦੇ ਗੁੜ ਅਤੇ ਸ਼ੱਕਰ ਦੀ ਕੁਆਲਿਟੀ ਅਤੇ ਉਨ੍ਹਾਂ ਦੇ ਬਣਾਉਣ ਦੇ ਢੰਗ-ਤਰੀਕਿਆਂ ’ਤੇ ਕਿੰਤੂ-ਪ੍ਰੰਤੂ ਹੁੰਦੇ ਰਹਿੰਦੇ ਹਨ, ਕਿਉਂਕਿ ਉਹ ਕਾਰੀਗਰ ਗੁੜ ਦਾ ਵਜ਼ਨ ਵਧਾਉਣ ਲਈ ਜਿੱਥੇ ਗੁੜ ਵਿੱਚ ਬੂਰੇ ਵਾਲੀ ਖੰਡ ਰਲਾਉਂਦੇ ਹਨ, ਨਾਲ ਹੀ ਪੱਤ ਨਿਖਾਰਨ ਲਈ ਕਈ ਤਰ੍ਹਾਂ ਦੀਆਂ ਜੜ੍ਹੀਆਂ-ਬੂਟੀਆਂ ਦੀ ਵਰਤੋਂ ਵੀ ਕਰਦੇ ਹਨ, ਜੋ ਸਿਹਤ ਲਈ ਨੁਕਸਾਨਦਾਇਕ ਹੁੰਦੀਆਂ ਹਨ । ਸਰਦੀ ਦੇ ਦਿਨਾਂ ਵਿੱਚ ਸ਼ੁੱਧ ਗੁੜ ਖਾਣ ਨਾਲ ਜਿੱਥੇ ਸਰੀਰ ਸਰਦੀ ਤੋਂ ਬਚਦਾ ਹੈ, ਨਾਲ ਹੀ ਇਹ ਹਾਜ਼ਮੇ ਦੀ ਦਰੁਸਤੀ ਲਈ ਵੀ ਲਾਭਦਾਇਕ ਹੋ ਨਿਬੜਦਾ ਹੈ, ਇਸੇ ਕਰਕੇ ਪੋਹ-ਮਾਘ ਦੇ ਮਹੀਨਿਆਂ ਵਿੱਚ ਗੁੜ ਦੀ ਮੰਗ ਬਹੁਤ ਜ਼ਿਆਦਾ ਹੋ ਜਾਂਦੀ ਹੈ ।

ਬਲਦੇਵ ਰਾਜ ਵੱਲੋਂ ਗੁੜ ਸ਼ੱਕਰ ਦੇ ਕਾਰਜ ਲਈ ਕੀਤੀ ਜਾ ਰਹੀ ਸਖਤ ਮਿਹਨਤ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਰੋਜ਼ਗਾਰ ਦੇ ਮਾਮਲੇ ਵਿੱਚ ਆਪਣੀ ਮਿੱਟੀ, ਆਪਣੇ ਦੇਸ਼ ਅਤੇ ਵਿਰਸੇ ਨੂੰ ਉਲ੍ਹਾਮੇ ਦੇਣ ਦੀ ਬਜਾਏ ਇਸ ਦੀ ਸਮਰੱਥਾ ਤੇ ਕਿਰਤ ਕਰਨ ਦੀ ਜਾਂਚ ਦਾ ਮੰਤਰ ਪੰਜਾਬੀਆਂ ਲਈ ਜ਼ਿਆਦਾ ਫਾਇਦੇਮੰਦ ਹੋ ਸਕਦਾ ਹੈ । ਪੰਜਾਬ ਦੀ ਖੇਤੀ ਨਾਲ ਜੁੜੇ ਅਜਿਹੇ ਕਈ ਕਾਰਜ ਇਥੋਂ ਦੀ ਮਿੱਟੀ ਦੀ ਸ਼ਕਤੀ ਦੇ ਰੰਗ ਦਿਖਾਉਣ ਦੇ ਨਾਲ-ਨਾਲ ਸਵੈ-ਰੋਜ਼ਗਾਰ ਲਈ ਵਧੀਆ ਸੰਭਾਵਨਾਵਾਂ ਵੀ ਬਣ ਸਕਦੇ ਹਨ ।



# ਕਿਸਾਨਾਂ ਲਈ ਮਾਘ ਦਾ ਮਹੀਨਾ

ਡਾ. ਰਣਜੀਤ ਸਿੰਘ

ਜਨਵਰੀ ਵਿੱਚ ਠੰਡ ਆਪਣੇ ਪੂਰੇ ਜੋਬਨ ਵਿੱਚ ਹੁੰਦੀ ਹੈ। ਜੇਕਰ ਬਾਰਸ਼ ਨਾ ਹੋਈ ਹੋਵੇ ਤਾਂ ਫ਼ਸਲਾਂ ਨੂੰ ਪਾਣੀ ਜ਼ਰੂਰ ਦੇ ਦੇਵੋ। ਉਸ ਨਾਲ ਕੋਰੇ ਦਾ ਅਸਰ ਘੱਟ ਜਾਂਦਾ ਹੈ। ਜਦੋਂ ਸਿੰਚਾਈ ਦੀਆਂ ਵਧੀਆ ਸਹੂਲਤਾਂ ਨਹੀਂ ਸਨ ਤਾਂ ਆਖਿਆ ਜਾਂਦਾ ਸੀ-

''ਮੀਂਹ ਨਾ ਪਿਆ ਲੋਹੜੀ ਤਾਂ ਹਾੜ੍ਹੀ ਲਾਗੂ ਥੋਹੜੀ''

ਇਹ ਮਹੀਨਾ ਵੀ ਰੁਝੇਵਿਆਂ ਭਰਿਆ ਹੁੰਦਾ ਹੈ। ਆਲੂ ਅਤੇ ਪਿਆਜ਼ ਦੀ ਬਿਜਾਈ ਇਸੇ ਮਹੀਨੇ ਹੁੰਦੀ ਹੈ। ਪਤਝੱੜੀ ਰੁੱਖ ਲਗਾਉਣ ਦਾ ਇਹੋ ਮਹੀਨਾ ਹੈ। ਵਿਹਲੇ ਖੇਤਾਂ ਵਿੱਚ ਇਸ ਮਹੀਨੇ ਮੱਕੀ, ਸੂਰਜਮੁਖੀ ਜਾਂ ਮੈਥੇ ਦੀ ਬਿਜਾਈ ਵੀ ਇਸੇ ਮਹੀਨੇ ਕੀਤੀ ਜਾਂਦੀ ਹੈ। ਇਸ ਮੌਸਮ ਵਿੱਚ ਮੱਕੀ ਲਈ ਪਾਣੀ ਦੀ ਵਧੇਰੇ ਲੋੜ ਪੈਂਦੀ ਹੈ। ਇਸ ਕਰਕੇ ਇਸ ਦੀ ਕਾਸ਼ਤ ਸੰਕੋਚਵੀਂ ਕਰਨੀ ਚਾਹੀਦੀ ਹੈ। ਦੁਆਬੇ ਵਿੱਚ ਦਾਣਿਆਂ ਲਈ ਅਤੇ ਮਾਲਵੇ ਵਿੱਚ ਚਾਰੇ ਲਈ ਮੱਕੀ ਦੀ ਕਾਸ਼ਤ ਚੋਖੇ ਰਕਬੇ ਵਿੱਚ ਹੋ ਰਹੀ ਹੈ। ਬਹਾਰ ਰੁੱਤ ਦੀ ਮੱਕੀ ਲਈ ਪੀ 1844, ਪੀ ਐਮ ਐਚ 10, ਡੀ ਕੇ ਸੀ 9108 ਅਤੇ ਪੀ ਐਮ ਐਚ 8 ਕਿਸਮ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਨ੍ਹਾਂ ਤੋਂ 32 ਕੁਇੰਟਲ ਪ੍ਰਤੀ ਏਕੜ ਤੱਕ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਸੂਰਜਮੁਖੀ ਹੇਠ ਰਕਬਾ ਬਹੁਤ ਘੱਟ ਗਿਆ ਹੈ। ਪਿਛਲੇ ਸਾਲ ਮਸਾਂ ਇੱਕ ਹਜ਼ਾਰ ਹੈਕਟੇਅਰ ਵਿੱਚ ਕੀਤੀ ਗਈ ਸੀ। ਪੀ ਐਸ ਐਚ 2080, ਪੀ ਐਸ ਐਚ 1962, ਡੀ ਕੇ 3849 ਅਤੇ ਪੀ ਐਸ ਐਚ 996 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਹ ਸਾਰੀਆਂ ਦੋਗਲੀਆਂ ਕਿਸਮਾਂ ਹਨ। ਪੀ ਐਸ ਐਚ 2080 ਕਿਸਮ ਤੋਂ ਕੋਈ 10 ਕੁਇੰਟਲ ਝਾੜ ਪ੍ਰਤੀ ਏਕੜ ਪ੍ਰਾਪਤ ਹੋ ਸਕਦਾ ਹੈ। ਮੈਥਾ ਇੱਕ ਹੋਰ ਫ਼ਸਲ ਹੈ ਜਿਸ ਦੀ ਲੁਆਈ ਜਨਵਰੀ ਦੇ ਦੂਜੇ ਅੱਧ ਵਿੱਚ ਕੀਤੀ ਜਾਂਦੀ ਹੈ। ਸਿਮ-ਉੱਨਤੀ, ਸਿਮ-ਕ੍ਰਾਂਤੀ, ਕੋਸੀ ਅਤੇ ਪੰਜਾਬ ਸਪੀਅਰਮਿੰਟ 1 ਕੁੱਝ ਉੱਨਤ ਕਿਸਮਾਂ ਹਨ।

ਆਲੂ ਇੱਕ ਰੋਕੜੀ ਸਬਜ਼ੀ ਹੈ ਜਿਸ ਹੇਠ ਸਬਜ਼ੀਆਂ ਵਿੱਚੋਂ ਪੰਜਾਬ ਵਿੱਚ ਸਭ ਤੋਂ ਵੱਧ ਰਕਬਾ ਹੈ। ਇਨ੍ਹਾਂ ਦੀ ਕਾਸ਼ਤ ਕੋਈ ਇੱਕ ਲੱਖ ਹੈਕਟੇਅਰ ਧਰਤੀ ਵਿੱਚ ਕੀਤੀ ਜਾਂਦੀ ਹੈ। ਇਸ ਫ਼ਸਲ ਦੀ ਸਫ਼ਲਤਾ ਬੀਜ ਉੱਤੇ ਨਿਰਭਰ ਕਰਦੀ ਹੈ। ਇਸ ਕਰਕੇ ਸਿਫ਼ਾਰਸ਼ ਕੀਤੀ ਕਿਸਮ ਦੇ ਵਧੀਆ ਬੀਜ ਦਾ ਪਹਿਲਾਂ ਹੀ ਪ੍ਰਬੰਧ ਕਰ ਲੈਣਾ ਜ਼ਰੂਰੀ ਹੈ। ਜੇਕਰ ਬਹੁਤੇ ਰਕਬੇ ਵਿੱਚ ਕਾਸ਼ਤ ਕਰਨੀ ਹੈ ਤਾਂ ਕੁੱਝ ਅਗੇਤੀਆਂ ਤੇ ਕੁੱਝ ਪਿਛੇਤੀਆਂ ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਪੰਜਾਬ ਵਿੱਚ ਕੁਫ਼ਰੀ ਸੂਰਯਾ, ਕੁਫ਼ਰੀ ਚੰਦਰਮੁਖੀ, ਕੁਫ਼ਰੀ ਅਸ਼ੋਕਾ, ਕੁਫ਼ਰੀ ਪੁਖਰਾਜ ਅਗੇਤੀਆਂ ਕਿਸਮਾਂ ਹਨ। ਜਯੋਤੀ ਤੇ ਕੁਫ਼ਰੀ ਪੁਸ਼ਕਰ ਅਤੇ ਕੁਫ਼ਰੀ ਬਹਾਰ ਮੁੱਖ ਮੌਸਮ ਦੀਆਂ ਕਿਸਮਾਂ ਹਨ ਜਦੋਂ ਕਿ ਕੁਫ਼ਰੀ ਸੰਧੂਰੀ, ਤੇ ਕੁਫ਼ਰੀ ਬਾਦਸ਼ਾਹ ਪਿਛੇਤੀਆਂ ਕਿਸਮਾਂ ਹਨ। ਇਨ੍ਹਾਂ ਤੋਂ ਇਲਾਵਾ ਕੁਫ਼ਰੀ ਚਿਪਸੋਨਾ-1, ਕੁਫ਼ਰੀ ਚਿਪਸੋਨਾ-3 ਅਤੇ ਕੁਫ਼ਰੀ ਫਰਾਈਸੋਨਾ ਕਿਸਮਾਂ ਦੀ ਵੀ ਸਿਫ਼ਾਰਸ਼ ਕੀਤੀ ਗਈ ਹੈ। ਇਨ੍ਹਾਂ ਕਿਸਮਾਂ ਦੇ ਆਲੂਆਂ ਨੂੰ ਚਿਪਸ ਆਦਿ ਬਣਾਉਣ ਲਈ ਵਰਤਿਆ ਜਾਂਦਾ ਹੈ। ਹੁਣ ਪੁੱਟਿਆ ਜਾ ਰਿਹਾ ਆਲੂ ਵੀ ਬੀਜ ਲਈ ਵਰਤਿਆ ਜਾ ਸਕਦਾ ਹੈ ਪਰ ਇਸ ਦੀ ਨੀਂਦ ਤੋੜਨੀ ਚਾਹੀਦੀ ਹੈ। ਇਹ ਨੀਂਦ ਤੋੜਣ ਲਈ ਕੱਟੇ ਹੋਏ ਆਲੂਆਂ ਨੂੰ 1% (10 ਗ੍ਰਾਮ) ਥਾਇਓਯੂਰੀਆ ਅਤੇ ਇੱਕ ਮਿਲੀਗ੍ਰਾਮ ਪ੍ਰਤੀ ਲਿਟਰ ਜਿਬਰੈਲਿਕ ਏਸਿਡ ਦੇ ਘੋਲ ਵਿੱਚ ਇੱਕ ਘੰਟੇ ਲਈ ਡੁਬੋ ਕੇ ਰੱਖੋ। ਇਨ੍ਹਾਂ ਆਲੂਆਂ ਨੂੰ 24 ਘੰਟੇ ਛਾਂਵੇਂ ਖਿਲਾਰ ਕੇ ਸੁਕਾਇਆ ਜਾਵੇ। ਆਲੂਆਂ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਬੀਜ ਵਾਲੇ ਆਲੂਆਂ ਨੂੰ ਮੋਨਸਰਨ 2.5 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਘੋਲ ਵਿੱਚ 10 ਮਿੰਟ ਤਾਂਈ ਡੁਬੋ ਕੇ ਰੱਖੋ। ਖੇਤ ਤਿਆਰ ਕਰਨ ਤੋਂ ਪਹਿਲਾਂ 20 ਟਨ ਰੂੜੀ ਪਾਈ ਜਾਵੇ। ਬਿਜਾਈ ਸਮੇਂ 80 ਕਿਲੋ ਯੂਰੀਆ, 155 ਕਿਲੋ ਸੁਪਰਫ਼ਾਸਫ਼ੇਟ ਅਤੇ 40 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਡ੍ਰਿਲ ਕੀਤੀ ਜਾਵੇ। ਇਤਨਾ ਹੀ ਯੂਰੀਆ ਮਿੱਟੀ ਚਾੜ੍ਹਣ ਸਮੇਂ ਪਾਇਆ ਜਾਵੇ। ਰੂੜੀ ਜਾਂ ਹਰੀ ਖਾਦ ਦੀ ਵਰਤੋਂ ਜ਼ਰੂਰੀ ਹੈ। ਇੱਕ ਏਕੜ ਵਿੱਚ ਕੋਈ 15 ਕੁਇੰਟਲ ਬੀਜ ਪੈਂਦਾ ਹੈ। ਬਿਜਾਈ ਪਲਾਂਟਰ ਨਾਲ ਵੀ ਕੀਤੀ ਜਾ ਸਕਦੀ ਹੈ। ਬਿਜਾਈ ਤੋਂ ਪਹਿਲਾਂ ਖੇਤ ਵਿੱਚ ਲਾਈਨਾਂ ਲਗਾਈਆਂ ਜਾਣ। ਲਾਈਨਾਂ ਵਿਚਕਾਰ 60 ਅਤੇ ਬੂਟਿਆਂ ਵਿਚਕਾਰ 20 ਸੈ.ਮੀਟਰ ਦਾ ਫ਼ਾਸਲਾ ਰੱਖਿਆ ਜਾਵੇ। ਮਹੀਨੇ ਪਿੱਛੋਂ ਮੁੜ ਮਿੱਟੀ ਚਾੜ੍ਹੀ ਜਾਵੇ। ਬਿਜਾਈ ਕਰਨ ਤੋਂ ਤੁਰੰਤ ਪਿੱਛੋਂ ਪਹਿਲਾ ਪਾਣੀ ਦਿੱਤਾ ਜਾਵੇ। ਪਾਣੀ ਲਾਉਂਦੇ ਸਮੇਂ ਧਿਆਨ ਰੱਖੋ ਕਿ ਪਾਣੀ ਵੱਟਾਂ ਦੇ ਉੱਤੋਂ ਦੀ ਨਾ ਲੰਘੇ। ਇਸ ਕਰਕੇ ਹਲਕਾ ਪਾਣੀ ਦੇਣਾ ਚਾਹੀਦਾ ਹੈ। ਅਗੇਤੀਆਂ ਕਿਸਮਾਂ ਤਿੰਨ ਮਹੀਨਿਆਂ ਵਿੱਚ ਤਿਆਰ ਹੋ ਜਾਂਦੀਆਂ ਹਨ, ਜਦੋਂ ਕਿ ਦੂਜੀਆਂ ਕਿਸਮਾਂ 10-15 ਦਿਨ ਵੱਧ ਲੈਂਦੀਆਂ ਹਨ। ਆਲੂ ਬੀਜਣ ਸਮੇਂ ਕਨਸ਼ੋਰਮੀਅਮ ਜੈਵਿਕ ਖਾਦ ਚਾਰ ਕਿਲੋ ਪ੍ਰਤੀ ਏਕੜ ਮਿੱਟੀ ਵਿੱਚ ਰਲਾ ਕੇ ਪਾਉਣੀ ਚਾਹੀਦੀ ਹੈ। ਖੇਤ ਵਿੱਚ 25 ਕੁਇੰਟਲ ਪ੍ਰਤੀ ਏਕੜ ਪਰਾਲੀ ਵਿਛਾਉਣ ਨਾਲ ਯੂਰੀਏ ਦੀ ਮਾਤਰਾ ਘੱਟ ਕੀਤੀ ਜਾ ਸਕਦੀ ਹੈ।

ਆਲੂਆਂ ਵਾਂਗ ਪਿਆਜ਼ ਵੀ ਇੱਕ ਹੋਰ ਰੋਕੜੀ ਫ਼ਸਲ ਹੈ ਜਿਨ੍ਹਾਂ ਦੀ ਵਰਤੋਂ ਸਾਰੀਆਂ ਸਬਜ਼ੀਆਂ ਵਿੱਚ ਕੀਤੀ ਜਾਂਦੀ ਹੈ। ਪਿਆਜ਼ ਦਾ ਝਾੜ ਵੀ ਆਲੂਆਂ ਦੇ ਬਰਾਬਰ ਹੀ ਹੈ ਪਰ ਖਰਚਾ ਘੱਟ ਆਉਂਦਾ ਹੈ, ਮਿਹਨਤ ਵੀ ਘੱਟ ਕਰਨੀ ਪੈਂਦੀ ਹੈ। ਇਸ ਦੇ ਨਾਲ ਹੀ ਪਿਆਜ਼ ਦੀ ਕੀਮਤ ਆਲੂਆਂ ਤੋਂ ਹਮੇਸ਼ਾ ਵੱਧ ਹੀ ਰਹਿੰਦੀ ਹੈ। ਪਰ ਪਿਆਜ਼ ਹੇਠ ਮਸਾਂ 8 ਕੁ ਹਜ਼ਾਰ ਹੈਕਟਰ ਧਰਤੀ ਹੀ ਹੈ। ਇਸ ਵਾਰ ਕੁੱਝ ਰਕਬੇ ਵਿੱਚ ਪਿਆਜ਼ ਜ਼ਰੂਰ ਲਗਾਉਣੇ ਚਾਹੀਦੇ ਹਨ। ਜੇਕਰ ਪਨੀਰੀ ਤਿਆਰ ਹੈ ਤਾਂ ਇਸ ਨੂੰ ਪੁੱਟ ਕੇ ਹੁਣ ਖੇਤ ਵਿੱਚ ਲਗਾਇਆ ਜਾ ਸਕਦਾ ਹੈ। ਪੰਜਾਬ ਵਿੱਚ ਕਾਸ਼ਤ ਲਈ ਪੀ ਆਰ ਓ-6, ਪੰਜਾਬ ਵਾਈਟ ਅਤੇ ਪੰਜਾਬ ਨਰੋਆ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਜੇਕਰ ਆਪ ਪਨੀਰੀ ਤਿਆਰ ਨਹੀਂ ਕੀਤੀ ਤਾਂ ਕਿਸੇ ਭਰੋਸੇਯੋਗ ਵਸੀਲੇ ਤੋਂ ਢੁਕਵੀਂ ਉਮਰ ਦੀ ਅਤੇ ਸਿਫ਼ਾਰਸ਼ ਕੀਤੀ ਕਿਸਮ ਦੀ ਪਨੀਰੀ ਲੈਣੀ ਚਾਹੀਦੀ ਹੈ। ਚੰਗੀ ਤਰ੍ਹਾਂ ਤਿਆਰ ਕੀਤੇ ਖੇਤ ਵਿੱਚ ਪਨੀਰੀ ਲਗਾਈ ਜਾਵੇ। ਪਨੀਰੀ ਲਗਾਉਣ ਸਮੇਂ ਲਾਈਨਾਂ ਵਿਚਕਾਰ 15 ਅਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਫਾਸਲਾ ਰੱਖਿਆ ਜਾਵੇ। ਖੇਤ ਤਿਆਰ ਕਰਨ ਤੋਂ ਪਹਿਲਾਂ 20 ਟਨ ਰੂੜੀ ਦੇ ਪ੍ਰਤੀ ਏਕੜ ਪਾਏ ਜਾਣ। ਬਿਜਾਈ ਤੋਂ ਪਹਿਲਾਂ 45 ਕਿਲੋ ਯੂਰੀਆ, 125 ਕਿਲੋ ਸੁਪਰਫ਼ਾਸਫ਼ੇਟ ਅਤੇ 35 ਕਿਲੋ ਮਿਊਰੇਟ ਆਫ਼ ਪੋਟਾਸ਼, ਪ੍ਰਤੀ ਏਕੜ ਪਾਈ ਜਾਵੇ। ਧਰਤੀ ਹੇਠਲੇ ਪਾਣੀ ਵਿੱਚ ਆ ਰਹੀ ਗਿਰਾਵਟ ਨੂੰ ਵੇਖਦਿਆਂ ਹੋਇਆਂ ਪੰਜਾਬ ਵਿੱਚ ਵਣ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਅਗਲੇ ਮਹੀਨੇ ਪੱਤਝੜੀ ਰੁੱਖਾਂ ਨੂੰ ਲਗਾਇਆ ਜਾ ਸਕਦਾ ਹੈ। ਕੁੱਝ ਰਕਬੇ ਵਿੱਚ ਇਨ੍ਹਾਂ ਨੂੰ ਕਾਸ਼ਤ ਕਰਕੇ ਵੇਖਣਾ ਚਾਹੀਦਾ ਹੈ। ਪਾਪੂਲਰ ਵਣ ਖੇਤੀ ਲਈ ਸਭ ਤੋਂ ਉੱਤਮ ਮੰਨਿਆ ਗਿਆ ਹੈ। ਇਸ ਦੇ ਬੂਟੇ ਜੰਗਲਾਤ ਮਹਿਕਮੇ ਤੋਂ ਮੁਫ਼ਤ ਵੀ ਮਿਲ ਜਾਂਦੇ ਹਨ। ਮਹਿਕਮੇ ਦੀਆਂ ਹਿਦਾਇਤਾਂ ਅਨੁਸਾਰ ਹੀ ਇਨ੍ਹਾਂ ਨੂੰ ਲਗਾਇਆ ਜਾਵੇ। ਮੁੱਢਲੇ ਤਿੰਨ ਸਾਲ ਇਨ੍ਹਾਂ ਵਿਚਕਾਰ ਫ਼ਸਲਾਂ ਨੂੰ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਮਾਹਿਰਾਂ ਦੇ ਅੰਦਾਜ਼ੇ ਅਨੁਸਾਰ ਵਣ ਖੇਤੀ ਫ਼ਸਲਾਂ ਨਾਲੋਂ ਵੱਧ ਆਮਦਨ ਹੋ ਜਾਂਦੀ ਹੈ।

ਰਸਾਇਣਾਂ ਦੀ ਵੀ ਨਾ ਮਾਤਰ ਹੀ ਲੋੜ ਪੈਂਦੀ ਹੈ। ਪਾਪੂਲਰ ਤੋਂ ਇਲਾਵਾ ਅਗਲੇ ਮਹੀਨੇ ਸਫ਼ੈਦਾ ਅਤੇ ਡੇਕ ਦੇ ਰੁੱਖ ਲਗਾਏ ਜਾ ਸਕਦੇ ਹਨ। ਬੂਟੇ ਲਗਾਉਣ ਲਈ ਇੱਕ ਮੀਟਰ ਘੇਰੇ ਵਾਲਾ ਤੇ ਇੱਕ ਮੀਟਰ ਹੀ ਡੂੰਘਾ ਟੋਇਆ ਪੁਟਿਆ ਜਾਵੇ। ਇਸ ਮੌਸਮ ਵਿੱਚ ਬੂਟਿਆਂ ਨੂੰ ਨੰਗੀਆਂ ਜੜ੍ਹਾਂ ਨਾਲ ਹੀ ਨਰਸਰੀ ਵਿੱਚੋਂ ਪੁੱਟ ਕੇ ਲਗਾਇਆ ਜਾ ਸਕਦਾ ਹੈ।

ਪਤਝੜੀ ਫ਼ਲਦਾਰ ਬੂਟੇ ਲਗਾਉਣ ਦਾ ਵੀ ਹੁਣ ਢੁੱਕਵਾਂ ਸਮਾਂ ਹੈ। ਇਨ੍ਹਾਂ ਨੂੰ ਨਵੇਂ ਪੱਤੇ ਨਿਕਲਣ ਤੋਂ ਪਹਿਲਾਂ ਨਰਸਰੀ ਵਿੱਚੋਂ ਪੁੱਟ ਕੇ ਲਗਾਉਣਾ ਚਾਹੀਦਾ ਹੈ। ਜੇਕਰ ਬਾਗ ਲਗਾਉਣਾ ਹੈ ਤਾਂ ਪਹਿਲਾਂ ਆਪਣੇ ਖੇਤ ਦੀ ਮਿੱਟੀ ਦੀ ਪਰਖ ਕਰਵਾਉ ਅਤੇ ਇਲਾਕੇ ਨੂੰ ਢੁੱਕਵੇਂ ਫ਼ਲਾਂ ਦੀ ਚੋਣ ਕਰੋ। ਬੂਟੇ ਹਮੇਸ਼ਾਂ ਸਿਫ਼ਾਰਸ਼ ਕੀਤੀ ਕਿਸਮ, ਸਹੀ ਉਮਰ ਅਤੇ ਸਿਹਤਮੰਦ ਹੋਣੇ ਚਾਹੀਦੇ ਹਨ। ਬੂਟੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਜਾਂ ਸਰਕਾਰੀ ਨਰਸਰੀ ਤੋਂ ਲੈਣੇ ਚਾਹੀਦੇ ਹਨ। ਪੰਜਾਬ ਵਿੱਚ ਨਾਸ਼ਪਤੀ, ਆੜੂ, ਅੰਗੂਰ, ਅਲੂਚਾ ਪਤਝੜੀ ਫ਼ਲਾਂ ਨੂੰ ਲਗਾਇਆ ਜਾ ਸਕਦਾ ਹੈ। ਪਥਰ ਨਾਖ ਤੇ ਪੰਜਾਬ ਨਾਖ ਸਖ਼ਤ ਨਾਖਾਂ ਦੀਆਂ ਕਿਸਮਾਂ ਹਨ। ਜਦੋਂ ਕਿ ਪੰਜਾਬ ਗੋਲਡ, ਪੰਜਾਬ ਨੈਕਟਰ, ਪੰਜਾਬ ਬਿਊਟੀ, ਬਗੂਗੋਸ਼ਾ, ਪੰਜਾਬ ਸੌਫ਼ਟ ਨਰਮ ਨਾਖਾਂ ਦੀਆਂ ਕਿਸਮਾਂ ਹਨ। ਪ੍ਰਤਾਪ, ਫਲੋਰੇਡਾ ਪ੍ਰਿੰਸ, ਸ਼ਾਨੇ ਪੰਜਾਬ, ਪ੍ਰਭਾਤ, ਸ਼ਰਬਤੀ ਅਤੇ ਪੰਜਾਬ ਆੜੂ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਅੰਗੂਰ ਸਾਰੇ ਪੰਜਾਬ ਵਿੱਚ ਹੀ ਹੋ ਸਕਦੇ ਹਨ। ਇਨ੍ਹਾਂ ਦੇ ਬੂਟੇ ਹੁਣ ਲਗਾ ਲੈਣੇ ਚਾਹੀਦੇ ਹਨ। ਸੁਪੀਰੀਅਲ ਸੀਡਲੈਸ, ਪੰਜਾਬ ਪਰਪਲ, ਫਲੈਮ ਸੀਡਲੈਸ, ਬਿਊਟੀ ਸੀਡਲੈਸ ਤੇ ਪਰਮਿਟ ਕਿਸਮਾਂ ਦੇ ਬੂਟੇ ਲਗਾਉਣੇ ਚਾਹੀਦੇ ਹਨ। ਅੰਜੀਰ ਅਤੇ ਅਲੂਚਾ ਦੇ ਫ਼ਲ ਵੀ ਪੰਜਾਬ ਵਿੱਚ ਹੋ ਸਕਦੇ ਹਨ। ਅੰਜੀਰ ਦੀ ਬਰਾਊਨ ਟਰਕੀ ਕਿਸਮ ਅਤੇ ਅਲੂਚੇ ਦੀਆਂ ਸਤਲੁਜ ਪਰਪਲ ਤੇ ਕਾਲਾ ਅੰਮ੍ਰਿਤਸਰੀ ਕਿਸਮਾਂ ਲਗਾਉਣੀਆਂ ਚਾਹੀਦੀਆਂ ਹਨ। ਜੇਕਰ ਵੱਡੀ ਪੱਧਰ ਉੱਤੇ ਨਹੀਂ ਤਾਂ ਘਰ ਬਗੀਚੀ ਵਿੱਚ ਦੋ ਤਿੰਨ ਪਤਝੜੀ ਬੂਟੇ ਜ਼ਰੂਰ ਲਗਾਵੋ। ਸਬਜ਼ੀਆਂ ਦੀ ਬੀਜੀ ਪਨੀਰੀ ਨੂੰ ਹੁਣ ਠੰਡ ਤੋਂ ਬਚਾਉਣ ਲਈ ਪਰਾਲੀ ਜਾਂ ਸਿਰਕੰਡੇ ਦੀਆਂ ਛਤਰੀਆਂ ਨਾਲ ਢੱਕ ਦੇਣਾ ਚਾਹੀਦਾ ਹੈ।

## ਦੁਨੀਆਂ ਦੀ ਸਭ ਤੋਂ ਅਕਲਮੰਦ ਗਊ





ਵਿਯਨਾ : ਮੂੰਹ ਨਾਲ ਡੰਡਾ ਫੜ ਕੇ ਆਪਣੇ ਸਰੀਰ 'ਤੇ ਖਾਰਿਸ਼ ਕਰਦੀ ਇੱਕ ਗਊ। ਇਸ ਨੂੰ ਦੁਨੀਆਂ ਦੀ ਸਭ ਤੋਂ ਅਕਲਮੰਦ ਗਊ ਦੱਸਿਆ ਜਾ ਰਿਹਾ ਹੈ।

ਖੇਤੀ ਦੁਨੀਆਂ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ
ਸਿਰਫ 100/- ਰੁਪਏ

ਡਾਕ ਰਾਹੀਂ ਪ੍ਰਾਪਤ ਕਰਨ ਲਈ
ਇੱਕ ਸਾਲ 500/- ਰੁਪਏ
ਦੋ ਸਾਲ 800/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com